


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Saturday 28 March, 2026 | website: www.cee7news.com

## ਯੂਨੀਅਨ ਖੇਤੀਬਾੜੀ ਮੰਤਰੀ ਵੱਲੋਂ ਪੰਜਾਬ ਦੇ ਕਿਸਾਨਾਂ ਦੀ ਖੁੱਲ੍ਹ ਕੇ ਸ਼ਲਾਘਾ

### ਭਾਰਤ ਨੂੰ ਅਨਾਜ ਵਿਚ ਆਤਮ ਨਿਰਭਰ ਬਣਾਉਣ ਵਿਚ ਵੱਡਾ ਯੋਗਦਾਨ



ਪੰਜਾਬ ਦੇ ਖੇਤੀਬਾੜੀ ਖੇਤਰ ਵਿਚ ਇੱਕ ਵਾਰ ਫਿਰ ਗੱਲਬਾਤ ਛਿੜੀ ਹੈ। ਯੂਨੀਅਨ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਪੰਜਾਬ ਦੇ ਕਿਸਾਨਾਂ ਦੀ ਖੁੱਲ੍ਹ ਕੇ ਤਾਰੀਫ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਹਰੀ ਕ੍ਰਾਂਤੀ ਰਾਹੀਂ ਭਾਰਤ ਨੂੰ ਅਨਾਜ ਵਿਚ ਆਤਮ ਨਿਰਭਰ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਇਸ ਤੋਂ ਪਹਿਲਾਂ ਭਾਰਤ ਅਨਾਜ ਲਈ ਵਿਦੇਸ਼ਾਂ ਉਤੇ ਨਿਰਭਰ ਸੀ, ਪਰ ਪੰਜਾਬ ਦੇ ਕਿਸਾਨਾਂ ਦੀ ਮਿਹਨਤ ਅਤੇ ਲਗਨ ਨੇ ਇਸ ਨੂੰ ਬਦਲ ਕੇ ਰੱਖ ਦਿੱਤਾ।ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਪੰਜਾਬ ਵਿਚ ਗੰਦਮ ਅਤੇ ਝੋਨੇ ਦੀ ਉਤਪਾਦਨ ਵਿਚ ਵਾਧਾ ਹੋਇਆ ਹੈ। ਇਸ ਨਾਲ ਭਾਰਤ ਨੇ ਆਪਣੀਆਂ ਲੋੜਾਂ ਪੂਰੀਆਂ ਕੀਤੀਆਂ ਹਨ ਅਤੇ ਹੁਣ ਬਾਕੀ ਖੇਤਰਾਂ ਵਿਚ ਵੀ ਇਸ ਤਰ੍ਹਾਂ ਦੀ ਤਰੱਕੀ ਲਿਆਉਣ ਦੀ ਲੋੜ ਹੈ। ਉਨ੍ਹਾਂ ਯਾਦ ਕਰਵਾਇਆ ਕਿ 1960-70 ਦੇ ਦਹਾਕੇ ਵਿਚ ਭਾਰਤ ਭੁੱਖਮਰੀ ਅਤੇ ਅਨਾਜ ਦੀ ਘਾਟ ਨਾਲ ਜੂਝ ਰਿਹਾ ਸੀ। ਉਸ ਵੇਲੇ ਅਮਰੀਕਾ ਵਰਗੇ ਦੇਸ਼ਾਂ ਤੋਂ ਅਨਾਜ ਮੰਗਵਾਉਣਾ ਪੈਂਦਾ ਸੀ। ਪਰ ਪੰਜਾਬ ਦੇ ਕਿਸਾਨਾਂ ਨੇ ਨਵੀਆਂ ਤਕਨੀਕਾਂ, ਬੀਜਾਂ ਅਤੇ ਸਿੰਚਾਈ ਵਿਧੀਆਂ ਅਪਣਾ ਕੇ ਇਸ ਸਥਿਤੀ ਨੂੰ ਬਦਲਿਆ। ਹਰੀ ਕ੍ਰਾਂਤੀ ਦਾ ਮੁੱਖ ਕੇਂਦਰ ਪੰਜਾਬ ਰਿਹਾ ਅਤੇ ਇਸ ਨੇ ਪੂਰੇ ਭਾਰਤ ਨੂੰ ਲਾਭ ਪਹੁੰਚਾਇਆ।ਮੰਤਰੀ ਜੀ ਨੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਪੰਜਾਬ ਦੇ ਕਿਸਾਨ ਭਾਰਤੀ ਖੇਤੀਬਾੜੀ ਦੀ ਰੀੜ੍ਹ ਦੀ ਹੱਡੀ ਹਨ। ਉਨ੍ਹਾਂ ਦੀ ਮਿਹਨਤ ਨਾਲ ਹੀ ਦੇਸ਼ ਵਿਚ ਗੰਦਮ ਅਤੇ ਝੋਨੇ ਦਾ ਉਤਪਾਦਨ ਵਧਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਹੁਣ ਸਰਕਾਰ ਦਾ ਧਿਆਨ ਹੋਰ ਫਸਲਾਂ ਵੱਲ ਵੀ ਹੈ। ਖਾਸ ਕਰਕੇ ਦਾਲਾਂ ਵਿਚ ਆਤਮ ਨਿਰਭਰਤਾ ਲਿਆਉਣ ਲਈ 'ਪਲਸ ਸੈਲਫ ਰਿਲਾਇੰਸ ਮਿਸ਼ਨ' ਸ਼ੁਰੂ ਕੀਤਾ ਗਿਆ ਹੈ। ਇਸ ਮਿਸ਼ਨ ਤਹਿਤ ਨਵੀਆਂ ਤਕਨੀਕਾਂ, ਬੀਜ ਸੁਧਾਰ ਅਤੇ ਬਜ਼ਾਰ ਸਹਾਇਤਾ ਨਾਲ ਦਾਲਾਂ ਦਾ ਉਤਪਾਦਨ ਵਧਾਇਆ ਜਾਵੇਗਾ। ਭਾਰਤ ਵਿਚ ਪਲਸ ਦੀ ਖੇਤੀ ਵਾਲੀ ਜ਼ਮੀਨ ਦਾ ਵੱਡਾ ਹਿੱਸਾ ਹੈ ਪਰ ਉਤਪਾਦਨ ਘੱਟ ਹੈ। ਇਸ ਨੂੰ ਵਧਾਉਣ ਲਈ ਵਿਗਿਆਨ, ਨੀਤੀ ਅਤੇ ਐਮਐਸਪੀ ਦੀ ਮਦਦ ਲਈ ਜਾਵੇਗੀ।ਪੰਜਾਬ ਦੇ ਕਿਸਾਨਾਂ ਲਈ ਇਹ ਤਾਰੀਫ਼ ਇੱਕ ਵੱਡੀ ਗੱਲ ਹੈ। ਇਥੇ ਖੇਤੀਬਾੜੀ ਨਾਲ ਜੁੜੇ ਲੋਕਾਂ ਨੇ ਹਮੇਸ਼ਾ ਤਕਨੀਕੀ ਤਰੱਕੀ ਅਤੇ ਮਿਹਨਤ ਨਾਲ ਨਵੀਆਂ ਉਚਾਈਆਂ ਛੂਹੀਆਂ ਹਨ। ਲੁਧਿਆਣਾ, ਮੋਗਾ, ਫਾਜ਼ਿਲਕਾ ਵਰਗੇ ਇਲਾਕਿਆਂ ਵਿਚ ਕਿਸਾਨ ਆਧੁਨਿਕ ਤਰੀਕਿਆਂ ਨਾਲ ਖੇਤੀ ਕਰਦੇ ਹਨ। ਉਨ੍ਹਾਂ ਨੇ ਟਰੈਕਟਰ, ਹਾਰਵੈਸਟਰ ਅਤੇ ਡ੍ਰਿਪ ਇਰੀਗੇਸ਼ਨ ਵਰਗੀਆਂ ਤਕਨੀਕਾਂ ਅਪਣਾਈਆਂ ਹਨ। ਇਸ ਨਾਲ ਉਤਪਾਦਨ ਵਧਿਆ ਅਤੇ ਲਾਗਤ ਘਟੀ ਹੈ।

Cee 7NEWS **ਕੇਂਦਰੀ ਮੰਤਰੀ ਹਰਦੀਪ ਪੁਰੀ ਦਾ ਵੱਡਾ ਐਲਾਨ**

# ਭਾਰਤ ਵਿਚ ਲੌਕਡਾਊਨ ਲਾਉਣ ਦੀਆਂ ਅਫਵਾਹਾਂ ਪੂਰੀ ਤਰ੍ਹਾਂ ਝੂਠੀਆਂ ਹਨ

ਲੌਕਡਾਊਨ ਦੀਆਂ ਅਫਵਾਹਾਂ ਨੂੰ ਕੇਂਦਰ ਸਰਕਾਰ ਨੇ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਇਸ ਸਬੰਧ ਵਿਚ ਤਾਜ਼ਾ ਖ਼ਬਰ ਇਹ ਹੈ ਕਿ ਯੂਨੀਅਨ ਪੈਟਰੋਲੀਅਮ ਤੇ ਨੈਚੁਰਲ ਗੈਸ ਮੰਤਰੀ ਹਰਦੀਪ ਸਿੰਘ ਪੁਰੀ ਨੇ ਸਪੱਸ਼ਟ ਤੌਰ ਤੇ ਐਲਾਨ ਕੀਤਾ ਹੈ ਕਿ ਭਾਰਤ ਵਿਚ ਲੌਕਡਾਊਨ ਲਾਉਣ ਦੀਆਂ ਅਫਵਾਹਾਂ ਪੂਰੀ ਤਰ੍ਹਾਂ ਝੂਠੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਇਸ ਤਰ੍ਹਾਂ ਦਾ ਕੋਈ ਵੀ ਪ੍ਰਸਤਾਵ ਵਿਚਾਰ ਅਧੀਨ ਨਹੀਂ ਹੈ। ਲੋਕਾਂ ਨੂੰ ਅਜਿਹੀਆਂ ਗਲਤ ਖ਼ਬਰਾਂ ਤੋਂ ਬਚਣਾ ਚਾਹੀਦਾ ਹੈ ਅਤੇ ਸ਼ਾਂਤੀ ਬਣਾਈ ਰੱਖਣੀ ਚਾਹੀਦੀ ਹੈ।

ਇਸ ਸਮੇਂ ਵਿਚ ਵਿਸ਼ਵ ਪੱਧਰ ਤੇ ਊਰਜਾ ਸਪਲਾਈ ਚੇਨ ਵਿਚ ਬਦਲਾਅ ਆ ਰਹੇ ਹਨ। ਖਾਸ ਤੌਰ ਤੇ ਪੱਛਮੀ ਏਸ਼ੀਆ ਵਿਚ ਚੱਲ ਰਹੀਆਂ ਘਟਨਾਵਾਂ ਕਾਰਨ ਤੇਲ, ਡੀਜ਼ਲ ਤੇ ਐਲ.ਪੀ.ਜੀ. ਵਰਗੀਆਂ ਚੀਜ਼ਾਂ ਦੀ ਉਪਲਬਧਤਾ ਬਾਰੇ ਚਰਚਾ ਚੱਲ ਰਹੀ ਸੀ। ਇਸ ਤੋਂ ਲੋਕਾਂ ਵਿਚ ਭੜਕਾਹਟ ਫੈਲ ਰਹੀ ਸੀ ਕਿ ਹੋ ਸਕਦਾ ਹੈ ਲੌਕਡਾਊਨ ਲੱਗ ਜਾਵੇ। ਪਰ ਮੰਤਰੀ ਹਰਦੀਪ ਪੁਰੀ ਨੇ ਇਸ ਨੂੰ ਸਾਫ ਤੌਰ ਤੇ ਰੱਦ ਕਰ ਦਿੱਤਾ। ਉਨ੍ਹਾਂ ਐਕਸ (ਪਹਿਲਾਂ ਟਵਿੱਟਰ) ਤੇ ਲਿਖਿਆ ਕਿ ਲੌਕਡਾਊਨ ਦੀਆਂ ਅਫਵਾਹਾਂ ਝੂਠੀਆਂ ਹਨ। ਸਰਕਾਰ ਵੱਲੋਂ ਇਸ ਬਾਰੇ ਕੋਈ ਵਿਚਾਰ ਨਹੀਂ ਕੀਤਾ ਜਾ ਰਿਹਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨਾਗਰਿਕਾਂ ਲਈ ਤੇਲ, ਊਰਜਾ ਤੇ ਹੋਰ ਜ਼ਰੂਰੀ ਵਸਤਾਂ ਦੀ ਨਿਰੰਤਰ ਉਪਲਬਧਤਾ ਯਕੀਨੀ ਬਣਾਉਣ ਲਈ ਹਰ ਤਰ੍ਹਾਂ ਦੇ ਕਦਮ ਚੁੱਕ ਰਹੀ ਹੈ। ਮੰਤਰੀ ਨੇ ਕਿਹਾ ਕਿ ਅਸੀਂ ਊਰਜਾ, ਸਪਲਾਈ ਚੇਨ ਤੇ ਜ਼ਰੂਰੀ ਵਸਤਾਂ ਨਾਲ ਜੁੜੀਆਂ ਘਟਨਾਵਾਂ ਤੇ ਬਾਰੀਕੀ ਨਾਲ ਨਜ਼ਰ ਰੱਖ ਰਹੇ ਹਾਂ। ਵਿਸ਼ਵ ਵਿਚ ਬਦਲਾਅ ਆ ਰਹੇ ਹਨ ਪਰ ਭਾਰਤ ਇਸ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ।

ਉਨ੍ਹਾਂ ਅੱਗੇ ਕਿਹਾ ਕਿ ਭਾਰਤ ਨੇ ਆਲਮੀ ਅਨਿਸ਼ਚਿਤਤਾਵਾਂ ਦੇ ਸਾਹਮਣੇ ਆਪਣੇ ਆਪ ਨੂੰ ਮਜ਼ਬੂਤ ਬਣਾਈ ਰੱਖਿਆ ਹੈ। ਅਸੀਂ ਸਮਾਂਬੱਧ, ਸਰਗਰਮ ਤੇ ਤਾਲਮੇਲ ਵਾਲੇ ਤਰੀਕਿਆਂ ਨਾਲ ਕੰਮ ਕਰਦੇ ਰਹਾਂਗੇ। ਇਸ ਲਈ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਅਫਵਾਹਾਂ ਤੋਂ ਬਚਣ ਤੇ ਇੱਕਜੁੱਟ ਰਹਿਣ। ਅਜਿਹੀਆਂ ਅਫਵਾਹਾਂ ਫੈਲਾਉਣਾ ਗੈਰ-ਜ਼ਿੰਮੇਵਾਰਾਨਾ ਤੇ ਨੁਕਸਾਨਦਾਇਕ ਹੈ। ਇਸ ਨਾਲ ਲੋਕਾਂ ਵਿਚ ਬੇਲੋੜੀ ਘਬਰਾਹਟ ਫੈਲਦੀ ਹੈ ਤੇ ਆਰਥਿਕਤਾ ਤੇ ਵੀ ਅਸਰ ਪੈ ਸਕਦਾ ਹੈ।

ਇਸ ਤੋਂ ਪਹਿਲਾਂ ਵੀ ਕੁਝ ਰਾਜਨੀਤਿਕ ਆਗੂਆਂ ਵੱਲੋਂ ਲੌਕਡਾਊਨ ਤੇ ਬਾਲਣ ਸੰਕਟ ਬਾਰੇ ਬਿਆਨ ਦਿੱਤੇ ਗਏ ਸਨ ਜਿਨ੍ਹਾਂ ਨੂੰ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਵੀ ਬੇਬੁਨਿਆਦ ਦੱਸਿਆ ਸੀ। ਉਨ੍ਹਾਂ ਕਿਹਾ ਸੀ ਕਿ ਕੋਵਿਡ ਵਾਲਾ ਲੌਕਡਾਊਨ ਵਰਗਾ ਕੋਈ ਵੀ ਲੌਕਡਾਊਨ ਨਹੀਂ ਲੱਗਣਾ। ਸਰਕਾਰ ਲੋਕਾਂ ਨੂੰ ਭਰੋਸਾ ਦਿਵਾਉਂਦੀ ਹੈ ਕਿ ਆਮ ਜੀਵਨ ਤੇ ਆਰਥਿਕ ਗਤੀਵਿਧੀਆਂ ਤੇ ਕੋਈ ਪਾਬੰਦੀ ਨਹੀਂ ਲਾਈ ਜਾਵੇਗੀ।

ਪੈਟਰੋਲੀਅਮ ਮੰਤਰੀ ਨੇ ਇਹ ਵੀ ਦੱਸਿਆ ਕਿ ਸਰਕਾਰ ਨੇ ਪੈਟਰੋਲ ਤੇ ਡੀਜ਼ਲ ਤੇ ਐਕਸਾਈਜ਼ ਡਿਊਟੀ ਘਟਾਉਣ ਦਾ ਫੈਸਲਾ ਲਿਆ ਹੈ ਤਾਂ ਜੋ ਲੋਕਾਂ ਨੂੰ ਰਾਹਤ ਮਿਲ ਸਕੇ। ਇਸ ਨਾਲ ਬਾਲਣ ਦੀਆਂ ਕੀਮਤਾਂ ਤੇ ਵੀ ਨਿਯੰਤਰਣ ਰੱਖਿਆ ਜਾ ਰਿਹਾ ਹੈ।




ਭਾਰਤ ਵਿਚ ਊਰਜਾ ਸੁਰੱਖਿਆ ਯਕੀਨੀ ਬਣਾਉਣ ਲਈ ਸਾਰੀਆਂ ਤਿਆਰੀਆਂ ਮੁਕੰਮਲ ਹਨ।

ਇਸ ਖ਼ਬਰ ਦਾ ਮੁੱਖ ਉਦੇਸ਼ ਲੋਕਾਂ ਨੂੰ ਸਹੀ ਜਾਣਕਾਰੀ ਦੇਣਾ ਹੈ ਤਾਂ ਜੋ ਉਹ ਅਫਵਾਹਾਂ ਵਿਚ ਨਾ ਆਉਣ। ਪੰਜਾਬ ਤੇ ਦੇਸ਼ ਭਰ ਵਿਚ ਲੋਕ ਇਸ ਤਰ੍ਹਾਂ ਦੀਆਂ ਖ਼ਬਰਾਂ ਤੋਂ ਚਿੰਤਤ ਹੋ ਰਹੇ ਸਨ। ਪਰ ਕੇਂਦਰ ਸਰਕਾਰ ਦਾ ਇਹ ਸਪੱਸ਼ਟ ਬਿਆਨ ਉਨ੍ਹਾਂ ਲਈ ਰਾਹਤ ਵਾਲੀ ਗੱਲ ਹੈ। ਹੁਣ ਲੋਕਾਂ ਨੂੰ ਆਪਣਾ ਰੋਜ਼ਾਨਾ ਕੰਮ-ਕਾਜ ਆਮ ਤਰੀਕੇ ਨਾਲ ਜਾਰੀ ਰੱਖਣਾ ਚਾਹੀਦਾ ਹੈ ਤੇ ਸੋਸ਼ਲ ਮੀਡੀਆ ਤੇ ਫੈਲਦੀਆਂ ਝੂਠੀਆਂ ਖ਼ਬਰਾਂ ਤੋਂ ਬਚਣਾ ਚਾਹੀਦਾ ਹੈ।ਇਸ ਖ਼ਬਰ ਦਾ ਮੁੱਖ ਉਦੇਸ਼ ਲੋਕਾਂ ਨੂੰ ਸਹੀ ਜਾਣਕਾਰੀ ਦੇਣਾ ਹੈ ਤਾਂ ਜੋ ਉਹ ਅਫਵਾਹਾਂ ਵਿਚ ਨਾ ਆਉਣ। ਪੰਜਾਬ ਤੇ ਦੇਸ਼ ਭਰ ਵਿਚ ਲੋਕ ਇਸ ਤਰ੍ਹਾਂ ਦੀਆਂ ਖ਼ਬਰਾਂ ਤੋਂ ਚਿੰਤਤ ਹੋ ਰਹੇ ਸਨ। ਪਰ ਕੇਂਦਰ ਸਰਕਾਰ ਦਾ ਇਹ ਸਪੱਸ਼ਟ ਬਿਆਨ ਉਨ੍ਹਾਂ ਲਈ ਰਾਹਤ ਵਾਲੀ ਗੱਲ ਹੈ। ਹੁਣ ਲੋਕਾਂ ਨੂੰ ਆਪਣਾ ਰੋਜ਼ਾਨਾ ਕੰਮ-ਕਾਜ ਆਮ ਤਰੀਕੇ ਨਾਲ ਜਾਰੀ ਰੱਖਣਾ ਚਾਹੀਦਾ ਹੈ ਤੇ ਸੋਸ਼ਲ ਮੀਡੀਆ ਤੇ ਫੈਲਦੀਆਂ ਝੂਠੀਆਂ ਖ਼ਬਰਾਂ ਤੋਂ ਬਚਣਾ ਚਾਹੀਦਾ ਹੈ।

ਸਰਕਾਰ ਵੱਲੋਂ ਇਹ ਵੀ ਅਪੀਲ ਕੀਤੀ ਗਈ ਹੈ ਕਿ ਜੇ ਕਿਸੇ ਨੂੰ ਜ਼ਰੂਰੀ ਚੀਜ਼ਾਂ ਬਾਰੇ ਕੋਈ ਸਵਾਲ ਹੋਵੇ ਤਾਂ ਉਹ ਅਧਿਕਾਰਤ ਸਰੋਤਾਂ ਤੋਂ ਹੀ ਜਾਣਕਾਰੀ ਲਵੇ। ਅਫਵਾਹਾਂ ਫੈਲਾਉਣ ਨਾਲ ਨਾ ਸਿਰਫ਼ ਵਿਅਕਤੀਗਤ ਤੌਰ ਤੇ ਘਬਰਾਹਟ ਵਧਦੀ ਹੈ ਬਲਕਿ ਦੇਸ਼ ਦੀ ਏਕਤਾ ਤੇ ਵੀ ਅਸਰ ਪੈਂਦਾ ਹੈ। ਇਸ ਲਈ ਸਭ ਨੂੰ ਜ਼ਿੰਮੇਵਾਰੀ ਨਾਲ ਵਿਵਹਾਰ ਕਰਨਾ ਚਾਹੀਦਾ ਹੈ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਭਾਰਤ ਸਰਕਾਰ ਲੋਕਾਂ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਹੀ ਹੈ। ਊਰਜਾ ਖੇਤਰ ਵਿਚ ਵੀ ਕੋਈ ਘਾਟ ਨਾ ਆਵੇ ਇਸ ਲਈ ਯਤਨ ਕੀਤੇ ਜਾ ਰਹੇ ਹਨ। ਲੌਕਡਾਊਨ ਵਰਗੀ ਕੋਈ ਵੀ ਸਥਿਤੀ ਨਹੀਂ ਬਣਨੀ। ਲੋਕ ਭਰੋਸੇ ਨਾਲ ਰਹਿਣ ਤੇ ਆਪਣੀ ਰੋਜ਼ੀ-ਰੋਟੀ ਤੇ ਧਿਆਨ ਦੇਣ। ਇਸ ਤਰ੍ਹਾਂ ਦੀਆਂ ਖ਼ਬਰਾਂ ਨਾਲ ਸਰਕਾਰ ਵੱਲੋਂ ਸਮੇਂ ਸਿਰ ਜਾਣਕਾਰੀ ਦਿੱਤੀ ਜਾਂਦੀ ਰਹੇਗੀ।

Cee7 News **ਪੰਜਾਬ ਵਿੱਚ ਪੈਟਰੋਲ ਸੰਕਟ: ਬਹੁਤੇ ਪੰਪਾਂ 'ਤੇ 'ਆਊਟ ਆਫ ਸਟਾਕ' ਦੇ ਬੋਰਡ ਲੱਗੇ, ਖੁੱਲ੍ਹਾ ਤੇਲ ਦੇਣ 'ਤੇ ਪਾਬੰਦੀ**

# ਵੀਰਵਾਰ ਸ਼ਾਮ ਤੋਂ ਪੰਪ ਹੋਏ ਖਾਲੀ, ਖੁੱਲ੍ਹੇ ਤੇਲ ਦੀ ਵਿਕਰੀ 'ਤੇ ਮੁਕੰਮਲ ਪਾਬੰਦੀ

ਪੰਜਾਬ ਵਿੱਚ ਵੀਰਵਾਰ ਸ਼ਾਮ ਤੋਂ ਹੀ ਤੇਲ ਪੰਪ ਡਰਾਈ ਹੋਣ ਲੱਗੇ ਹਨ ਅਤੇ ਡਰੰਮਾਂ ਵਿੱਚ ਖੁੱਲ੍ਹਾ ਤੇਲ ਵੇਚਣ 'ਤੇ ਪੂਰੀ ਤਰ੍ਹਾਂ ਰੋਕ ਲਗਾ ਦਿੱਤੀ ਗਈ ਹੈ। ਵੈਸਟ ਏਸ਼ੀਆ ਵਿੱਚ ਚੱਲ ਰਹੇ ਜੰਗੀ ਤਣਾਅ ਕਾਰਨ ਲੋਕਾਂ ਵਿੱਚ ਤੇਲ ਦੀ ਕਿੱਲਤ ਪੈਣ ਦਾ ਡਰ ਫੈਲ ਗਿਆ ਹੈ। ਇਸ ਤੋਂ ਇਲਾਵਾ ਲਾਕਡਾਊਨ ਲਗਣ ਦੀਆਂ ਅਫਵਾਹਾਂ ਨੇ ਲੋਕਾਂ ਦੀ ਘਬਰਾਹਟ ਹੋਰ ਵਧਾ ਦਿੱਤੀ ਹੈ। ਇੱਕ ਵਾਰ ਫਿਰ ਤੇਲ ਦੀਆਂ ਕੀਮਤਾਂ ਵਧਣ ਦੀ ਚਰਚਾ ਵੀ ਲੋਕਾਂ ਵਿੱਚ ਚੱਲ ਰਹੀ ਸੀ। ਇਸ ਕਾਰਨ ਲੋਕ ਤੇਲ ਖਰੀਦਣ ਲਈ ਪੰਪਾਂ 'ਤੇ ਧੱਕੇ ਲਾਉਣ ਲੱਗੇ ਹਨ।ਲੰਘੇ 24 ਘੰਟਿਆਂ ਤੋਂ ਪੰਜਾਬ ਦੇ ਮਾਝਾ ਅਤੇ ਦੁਆਬਾ ਖੇਤਰ ਵਿੱਚ ਬਹੁਤ ਸਾਰੇ ਤੇਲ ਪੰਪਾਂ 'ਤੇ ਲੰਮੀਆਂ ਲਾਈਨਾਂ ਲੱਗੀਆਂ ਹੋਈਆਂ ਹਨ। ਕਿਸਾਨ ਵੀ ਡਰੰਮ ਲੈ ਕੇ ਪੰਪਾਂ 'ਤੇ ਪਹੁੰਚਣ ਲੱਗੇ ਹਨ ਤਾਂ ਜੋ ਆਪਣੀ ਖੇਤੀ ਲਈ ਤੇਲ ਜਮ੍ਹਾ ਕਰ ਲਈਆਂ। ਤੇਲ ਕੰਪਨੀਆਂ ਵੱਲੋਂ ਖੁੱਲ੍ਹਾ ਤੇਲ ਵੇਚਣ 'ਤੇ ਸਖ਼ਤ ਪਾਬੰਦੀ ਲਗਾਈ ਗਈ ਹੈ ਤਾਂ ਜੋ ਬਲੈਕ ਮਾਰਕੀਟਿੰਗ ਰੋਕੀ ਜਾ ਸਕੇ ਅਤੇ ਤੇਲ ਦੀ ਬਰਬਾਦੀ ਵੀ ਨਾ ਹੋਵੇ।



ਪੰਜਾਬ ਵਿੱਚ ਪੈਟਰੋਲ ਸੰਕਟ: ਬਹੁਤੇ ਪੰਪਾਂ 'ਤੇ 'ਆਊਟ ਆਫ ਸਟਾਕ' ਦੇ ਬੋਰਡ ਲੱਗੇ, ਖੁੱਲ੍ਹਾ ਤੇਲ ਦੇਣ 'ਤੇ ਪਾਬੰਦੀ

ਪੰਜਾਬ ਵਿੱਚ ਲਗਭਗ 4034 ਤੇਲ ਪੰਪ ਹਨ ਅਤੇ ਔਸਤਨ ਹਰ ਮਹੀਨੇ 35 ਲੱਖ ਕਿੱਲੋਲਿਟਰ ਤੇਲ ਦੀ ਖਪਤ ਹੁੰਦੀ ਹੈ। ਇਹ ਖਪਤ ਫਸਲੀ ਸੀਜ਼ਨ ਮੁਤਾਬਕ ਵਧਦੀ-ਘਟਦੀ ਰਹਿੰਦੀ ਹੈ। ਵੀਰਵਾਰ ਨੂੰ ਬਹੁਤੇ ਪੰਪਾਂ 'ਤੇ ਕਤਾਰਾਂ ਲੱਗੀਆਂ ਰਹੀਆਂ। ਰਾਮਪੁਰਾ ਫੂਲ ਵਿਖੇ ਇੱਕ ਪੰਪ ਮਾਲਕ ਨੀਟੂ ਨੇ ਦੱਸਿਆ ਕਿ ਲਾਕਡਾਊਨ ਦੀ ਅਫਵਾਹ ਕਾਰਨ ਸ਼ਹਿਰੀ ਲੋਕ ਰਾਤ ਦੇਰ ਤੱਕ ਵੀ ਪੰਪਾਂ 'ਤੇ ਲਾਈਨਾਂ ਲਾਉਂਦੇ ਰਹੇ। ਇਸ ਨਾਲ ਤੇਲ ਦੀ ਖਪਤ ਇੱਕਦਮ ਵਧ ਗਈ ਹੈ। ਜਲੰਧਰ, ਮੋਗਾ, ਅੰਮ੍ਰਿਤਸਰ ਅਤੇ ਪਟਿਆਲਾ ਵਰਗੇ ਜ਼ਿਲ੍ਹਿਆਂ ਵਿੱਚ ਰਾਤ ਦੇਰ ਤੱਕ ਕਤਾਰਾਂ ਲੱਗੀਆਂ ਰਹੀਆਂ। ਫ਼ਰੀਦਕੋਟ ਅਤੇ ਸੰਗਰੂਰ ਵਿੱਚ ਵੀ ਕਈ ਪੰਪਾਂ 'ਤੇ ਲੰਮੀਆਂ ਲਾਈਨਾਂ ਅਤੇ ਕੁਝ ਪੰਪ ਡਰਾਈ ਵੀ ਹੋ ਗਏ ਹਨ।

ਪੈਟਰੋਲ ਪੰਪ ਡੀਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਪਰਮਜੀਤ ਸਿੰਘ ਦੋਆਬਾ ਨੇ ਕਿਹਾ ਕਿ ਤੇਲ ਕੰਪਨੀਆਂ ਦੇ ਆਦੇਸ਼ਾਂ ਤੋਂ ਬਾਅਦ ਹੁਣ ਪੰਪ ਮਾਲਕ ਖੁੱਲ੍ਹਾ ਤੇਲ ਦੇਣ ਤੋਂ ਬਚ ਰਹੇ ਹਨ। ਪੇਂਡੂ ਇਲਾਕਿਆਂ ਵਿੱਚ ਬਹੁਤ ਸਾਰੇ ਪੰਪ ਖਾਲੀ ਹੋ ਚੁੱਕੇ ਹਨ। ਕਿਸਾਨ ਘਬਰਾਹਟ ਵਿੱਚ ਤੇਲ ਜਮ੍ਹਾ ਕਰ ਰਹੇ ਹਨ।ਪਹਿਲੀ ਅਪ੍ਰੈਲ ਤੋਂ ਪੰਜਾਬ ਵਿੱਚ ਕਣਕ ਦੀ ਵਾਢੀ ਸ਼ੁਰੂ ਹੋਣ ਵਾਲੀ ਹੈ ਜਿਸ ਕਾਰਨ ਡੀਜ਼ਲ ਦੀ ਖਪਤ ਵਧਣੀ ਹੈ। ਪਿਛਲੇ ਦਿਨਾਂ ਵਿੱਚ ਤੇਲ ਕੰਪਨੀਆਂ ਨੇ ਪੰਪਾਂ ਨੂੰ ਉਧਾਰ ਤੇਲ ਦੇਣਾ ਬੰਦ ਕਰ ਦਿੱਤਾ ਸੀ ਪਰ ਸਰਕਾਰੀ ਦਖ਼ਲ ਤੋਂ ਬਾਅਦ ਤਿੰਨ ਦਿਨਾਂ ਦਾ ਉਧਾਰ ਤੇਲ ਮੁੜ ਸ਼ੁਰੂ ਕਰ ਦਿੱਤਾ ਗਿਆ ਹੈ।ਅੱਜ ਕੇਂਦਰ ਸਰਕਾਰ ਵੱਲੋਂ ਐਕਸਾਈਜ਼ ਡਿਊਟੀ ਘਟਾਉਣ ਨਾਲ ਤੇਲ ਦੀਆਂ ਕੀਮਤਾਂ ਵਧਣ ਦਾ ਖਤਰਾ ਘੱਟ ਗਿਆ ਹੈ। ਇਸ ਨਾਲ ਲੋਕਾਂ ਵਿੱਚ ਥੋੜ੍ਹੀ ਰਾਹਤ ਮਹਿਸੂਸ ਹੋ ਰਹੀ ਹੈ ਪਰ ਫਿਰ ਵੀ ਪੈਨਿਕ ਬਾਇੰਗ ਕਾਰਨ ਸਥਿਤੀ ਤਣਾਅਪੂਰਨ ਬਣੀ ਹੋਈ ਹੈ।ਕੇਂਦਰੀ ਪੈਟਰੋਲੀਅਮ ਮੰਤਰਾਲੇ ਨੇ ਸਾਫ਼ ਕਿਹਾ ਹੈ ਕਿ ਦੇਸ਼ ਵਿੱਚ ਪੈਟਰੋਲ, ਡੀਜ਼ਲ ਜਾਂ ਐਲਪੀਜੀ ਦੀ ਕੋਈ ਘਾਟ ਨਹੀਂ ਹੈ। ਭਾਰਤ ਕੋਲ ਲਗਭਗ 60 ਦਿਨਾਂ ਦਾ ਤੇਲ ਸਟਾਕ ਹੈ ਅਤੇ ਕੁੱਲ ਰਿਜ਼ਰਵ ਕੈਪੈਸਿਟੀ 74 ਦਿਨਾਂ ਦੀ ਹੈ। ਸਾਰੇ ਤੇਲ ਪੰਪ ਚੱਲ ਰਹੇ ਹਨ ਅਤੇ ਕੋਈ ਰਾਸ਼ਨਿੰਗ ਨਹੀਂ ਹੈ। ਸਰਕਾਰ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਅਫਵਾਹਾਂ 'ਤੇ ਧਿਆਨ ਨਾ ਦੇਣ ਅਤੇ ਪੈਨਿਕ ਬਾਇੰਗ ਤੋਂ ਬਚਣ। ਫੇਕ ਵੀਡੀਓਜ਼ ਅਤੇ ਗਲਤ ਖਬਰਾਂ ਨੇ ਹੀ ਇਹ ਸਥਿਤੀ ਪੈਦਾ ਕੀਤੀ ਹੈ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

## ਬਣਾਵਟੀ ਰਿਸ਼ਤੇ



ਉਹ ਸਾਰੀ ਰਾਤ ਮੈਂ ਸਦੀਆਂ ਜਿੰਨਾ ਰੋਈ ਸਾਂ,
ਜਿੰਦਾ ਲਾਸ਼ ਲੱਗੇ ਆਪਾ ਜਿਵੇਂ ਮੈਂ ਅੱਧ ਮੋਈ ਸਾਂ,

ਮਾਂ ਨੂੰ ਯਾਦ ਕਰਦਿਆਂ ਸਿਰਹਾਣਾ ਵੀ ਭਿੱਜ ਗਿਆ,
ਬਸ ਇਦਾਂ ਲੱਗੇ ਕਿ ਉਹਦੇ ਬੁੱਕਲ 'ਚ ਹੀ ਸੋਈ ਸਾਂ,

ਅਤੀਤ ਦੇ ਪੰਨਿਆਂ ਨੂੰ ਫਰੋਲ ਦੀ ਫਰੋਲ ਦੀ,
ਯਾਦਾਂ ਦੇ ਝਰਨੇ ਵਿੱਚੋਂ ਲੰਘ ਬਚਪਨ 'ਚ ਖੋਈ ਸਾਂ,

ਨਫਰਤ ਦੇ ਸ਼ਹਿਰਾਂ ਚੋਂ ਮੋਹ ਨੂੰ ਲੱਭਦੀ ਰਹੀ,
ਦਰਦਾਂ ਦੀ ਪੰਡ ਭਾਰੀ ਕੱਲਿਆਂ ਨੇ ਢੋਈ ਸਾਂ,

ਰਾਣੂ ਗੱਲ ਕੀ ਕਰਾਂ ਆਪਣੇ ਹੋਏ ਬੇਗਾਨਿਆ ਦੀ,
ਬਣਾਵਟੀ ਰਿਸ਼ਤਿਆਂ 'ਚ ਵੀ ਕੱਲੀ ਆਣ ਖਲੋਈ ਸਾਂ..।

ਗੁਰਜੀਤ ਕੌਰ ਰਾਣੂ..

## ਸਵੇਰ ਸੁਨੇਹਾ



ਅੱਜ ਮੈਂ ਗੱਲ ਕਰਦਾ ਹਾਂ ਕਿ,
ਪਹਿਲੀ ਗੱਲ -- ਲੋੜਵੰਦ ਨੂੰ ਸਹਾਇਤਾ (ਮੱਦਦ ) ਉਸ ਸੱਚੇ ਪਾਤਸ਼ਾਹ ਵਾਹਿਗੁਰੂ ਪ੍ਰਮਾਤਮਾ ਤੋਂ ਮੰਗਣੀ ਚਾਹੀਦੀ ਹੈ ਜੋ ਦੇ ਕੇ ਵੀ ਭੁੱਲ ਜਾਂਦਾ ਹੈ।
ਦੂਜੀ -- ਸਹਾਇਤਾ ਵੀ ਉਹੀ ਕਰਦਾ ਹੈ। ਜਿਸ ਦੀ ਕਦੇ ਕਿਸੇ ਨੇ ਮੱਦਦ ਕੀਤੀ ਹੋਵੇ।
ਗੱਲ ਤੀਜੀ -- ਜੋ ਤੁਹਾਡੇ ਤੋਂ ਮੱਦਦ (ਰੁਪਏ ) ਲੈਣ ਵੇਲੇ ਵਿਆਜ਼ ਦੇਣ ਦੀ ਗੱਲ ਕਰੇ। ਉਹ ਪੈਸੇ ਦਾ ਪੁੱਤ ਹੁੰਦਾ ਹੈ। ਮੂਲ ਦੀ ਝਾਕ ਨਾ ਰੱਖੋ।
ਗੁਰਮੀਤ ਸਿੰਘ ਸਿੱਧੂ ਕਾਨੂੰਗੋ ਫਰੀਦਕੋਟ।
8146593089

## ਅਕਸਰ, ਉਸਦਾ ਮੇਰੇ ਪੱਖ ਚ ਖਲੋਣਾ ਆਕਸੀਜਨ ਦਾ ਕੰਮ ਕਰਦਾ



ਉਸਦਾ ਮੇਰੇ ਪੱਖ ਚ ਖਲੋਣਾ
ਆਕਸੀਜਨ ਦਾ ਕੰਮ ਕਰਦਾ,
ਲੱਖ ਦੁਨੀਆਂ ਪਈ ਵੱਸਦੀ
ਛੱਡਕੇ,ਮੁੜ-ਮੁੜ ਮੈਨੂੰ ਹੀ ਬਸ
ਚਹੁੰਣਾ, ਆਕਸੀਜਨ ਦਾ ਕੰਮ
ਕਰਦਾ !
ਅਨੇਕਾਂ ਮੁਸ਼ਕਿਲਾਂ ਸਹਿਣ ਪਿੱਛੋਂ
ਵੀ
ਹੱਥਾਂ ਵਿੱਚ ਉਸੇ ਹੱਥ ਦਾ ਹੋਣਾ
ਆਕਸੀਜਨ ਦਾ ਕੰਮ ਕਰਦਾ !
ਉੰਝ ਖਿਆਲਾਂ ਵਿੱਚੋਂ ਦੂਰ ਨ੍ਹੀ ਜਾਣਾ,
ਗੱਲ ਕਰਨ ਤੋਂ ਫਿਰ
ਘਬਰਾਉਂਣਾ,ਆਕਸੀਜਨ ਦਾ ਕੰਮ
ਕਰਦਾ !
ਚੁੱਪ ਮੇਰੀ ਤੋਂ ਡਰਕੇ ਮਨ ਹੀ ਮਨ
ਵਿੱਚ ਅਨੇਕਾਂ ਪਲਾਉ ਪਕਾਉਂਣਾ,
ਆਕਸੀਜਨ ਦਾ ਕੰਮ ਕਰਦਾ !
ਰਣਜੀਤ ਜਾਨ ਨਿਸ਼ਾਵਰ ਮੇਰੀ ਉਸ
ਤੋਂ ,ਪਰ ਮੇਰੀ ਇਸ ਗੱਲ ਦੇ ਉੱਤੇ
ਉਸਨੂੰ ਕਦੇ ਵਿਸ਼ਵਾਸ਼ ਨ੍ਹੀ
ਆਉਂਣਾ, ਆਕਸੀਜਨ ਦਾ ਕੰਮ
ਕਰਦਾ !
ਉਸਦਾ ਮੇਰੇ ਪੱਖ ਚ ਖਲੋਣਾ
ਆਕਸੀਜਨ ਦਾ ਕੰਮ ਕਰਦਾ,
ਲੇਖਕ : ਰਣਜੀਤ ਕੌਰ ਟੁਰਾਂਟੋ।




## ਰੂਹ ਤੋਂ ਵੱਖ



ਤੁਰ ਜਾਂਦਾ ਬੰਦਾ ਜਦੋਂ ਕੋਈ ਜਹਾਨ ਤੋਂ,
ਯਾਦਾਂ ਤੋਂ ਬਗੈਰ ਪੱਲੇ ਰਹਿੰਦਾ ਕੱਖ ਨ੍ਹੀਂ।
ਐਹੋ ਜਿਹੇ ਯਾਰ ਨੂੰ ਕੀ ਗੋਲੀ ਮਾਰਨੀ,
ਔਖੇ ਵੇਲੇ ਯਾਰ ਦਾ ਜੋ ਲੈਂਦਾ ਪੱਖ ਨ੍ਹੀਂ।
ਕਰੀਏ ਸਿਆਣੀ ਗੱਲ ਬਹਿਕੇ ਪਰ੍ਹੇ'ਚ,
ਝੱਲਿਆਂ ਦੇ ਵਾਂਗਰਾਂ ਮਾਰੀਦਾ ਝੱਖ ਨ੍ਹੀਂ।
ਪਿੱਛੇ ਵੱਲ੍ਹ ਪੱਥਰਾਂ ਤੋਂ ਮੁੜੇ ਮੱਛੀ ਨਾ,
ਜਦੋਂ ਤੱਕ ਲੈਂਦੀ ਉਹ ਸੁਆਦ ਚੱਖ ਨ੍ਹੀਂ।
ਬੰਦੇ ਦੇ ਸੁਭਾਅ ਦੇ ਵਿੱਚ ਰਹਿੰਦੀ ਗਰਮੀਂ,
ਬਰਫ ਦੇ ਵਾਂਗੂੰ ਕਦੇ ਹੁੰਦਾ ਯਖ ਨ੍ਹੀਂ।
ਕਰਨਾ ਕੀ,ਐਹੋ ਜਿਹੇ ਧੀ-ਪੁੱਤ ਦਾ,
ਮਾਪਿਆਂ ਨੂੰ ਨਾਲ ਸਕਦਾ ਜੋ ਰੱਖ ਨ੍ਹੀਂ।
ਮੋਹ ਜੀਦ੍ਹੇ ਨਾਲ ਦਿਲੋਂ ਹੋਇਆ ਹੁੰਦਾ ਏ,
ਸਾਰੀ ਜਿੰਦਗੀ ਉਹ ਰੂਹ ਤੋਂ ਹੁੰਦਾ ਵੱਖ ਨ੍ਹੀਂ।
ਜਸਪਾਲ ਸਿੰਘ ਨਾਗਰਾ (ਮਹਿੰਦਪੁਰੀਆ)
ਪੋਰਟਲੈਂਡ, ਓਰੇਗਨ (ਅਮਰੀਕਾ)
+13604481989

## ਥੱਮ ਬਣਨਾ ਬਹੁਤ ਔਖਾ ਹੈ, ਤੇ ਲ਼ਫ਼ਜ਼ ਬਦਲਣਾ ਦੁਨੀਆਂ ਦਾ ਸਭ ਤੋਂ ਸੌਖਾ ਨਹੀਂ... "ਹਲਕਾ" ਕੰਮ



ਥੱਮ ਬਣਨਾ ਬਹੁਤ ਔਖਾ ਹੈ, ਤੇ ਲ਼ਫ਼ਜ਼ ਬਦਲਣਾ ਦੁਨੀਆਂ ਦਾ ਸਭ ਤੋਂ ਸੌਖਾ ਨਹੀਂ... "ਹਲਕਾ" ਕੰਮ। ਪੱਕੇ ਇਕਰਾਰ ਤੋਂ ਬਾਅਦ, ਕਿਸੇ ਨੂੰ ਯਕੀਨ ਦਿਵਾਉਣ ਤੋਂ ਬਾਅਦ, ਵੱਡਾ ਫ਼ੈਸਲਾ ਲੈਣ ਵਿੱਚ ਜ਼ੋਰਦਾਰ ਹੌਂਸਲਾ ਦੇਣ ਤੋਂ ਬਾਅਦ .. ਸੁਣਨ ਨੂੰ ਮਿਲਦਾ ਹੈ "ਕੋਸ਼ਿਸ਼ ਕਰਾਂਗੇ" "ਕੋਸ਼ਿਸ਼ ਕਰ ਰਹੇ"। ਮੈਂ ਇੱਦਾਂ ਕਿਹਾ ਸੀ ਤੂੰ ਇਹ ਸਮਝ ਲਿਆ। ਮੁਕਰ ਜਾਣਾ, ਗੱਲ ਬਦਲ ਲੈਣਾ! ਸ਼ਬਦਾਂ ਦਾ ਹੇਰ ਫੇਰ। ਚੁੱਪੀ ਤਾਣ ਲੈਣਾ। ਕਿਸੇ ਨੂੰ ਮੁਸੀਬਤ ਵਿੱਚ ਸੁੱਟ ਕੇ.. ਆਪਣੇ ਨਕਲੀ ਸਾਕਾਰਾਤਮਕ ਸ਼ਬਦਾਂ ਨਾਲ.. ਉਸ ਨੂੰ ਅੱਗ ਵਿੱਚ ਧੱਕਾ ਦੇ ਕੇ ਆਪ ਪਿੱਛੇ ਹੱਟ ਜਾਣ ਵਾਲੇ, ਆਪ ਘਬਰਾ ਜਾਣ ਵਾਲੇ, ਆਪ ਤਮਾਸ਼ਾ ਦੇਖਣ ਵਾਲੇ ਸੱਜਣਾਂ ਤੋਂ ਦੂਰ ਰਹੋ। ਅਜਿਹੇ ਲੋਕ ਬਹੁਤ ਨੇੜਲੇ ਹੁੰਦੇ ਹਨ।
ਆਪਣੇ ਫ਼ੈਸਲੇ ਖ਼ੁਦ ਲਵੋ, ਕਿਸੇ ਦੇ ਨਾਲ ਜੋਸ਼ ਵਿੱਚ ਆ ਕੇ ਨਹੀਂ। ਇਹ ਨਹੀਂ ਹੁੰਦੇ ਨਾਲ ਜਦ ਪਿੱਛੇ ਮੁੜ ਕੇ ਦੇਖੀਦਾ.. ਆਪਣਾ ਤੁੱਕਾ ਲਾਉਣਾ ਚਾਹੁੰਦੇ ਨੇ.. ਭਲਾ ਤੁੱਕੇ ਸਿਰ ਵੀ ਚੱਟਾਨ ਖੜ੍ਹਦੇ ਕਦੇ?
- ਮਨਦੀਪ ਕੌਰ ਟਾਂਗਰਾ

## ਤੁਸੀ ਜੋ ਵੀ ਸੋਚਦੇ ਹੋ ਕੀ ਉਹ ਤੁਹਾਨੂੰ ਮਿਲ ਸਕਦਾ?



ਤੁਸੀ ਜੋ ਵੀ ਸੋਚਦੇ ਹੋ ਕੀ ਉਹ ਤੁਹਾਨੂੰ ਮਿਲ ਸਕਦਾ ??
ਕੀ ਤੁਸੀ ਆਪਣੇ ਮਨ ਅਤੇ ਦਿਮਾਗ ਨੂੰ ਕੰਟਰੋਲ ਕੇ ਸਕਦੇ ਹੋ ??
ਕੀ ਤੁਸੀ ਆਪਣੇ ਮਨ ਉੱਤੇ ਕੰਟਰੋਲ ਕਰ ਸਕਦੇ ਹੋ??
ਤੁਸੀ ਆਮ ਹੀ ਸੁਣਿਆ ਹੋਵੇਗਾ। ਕਿਸੇ ਵੀ ਚੀਜ ਪਿੱਛੇ ਨੂੰ ਸੱਚੇ ਮਨ ਨਾਲ ਲੱਗ ਜਾਓ ਤਾਂ ਸਾਰੀ ਕਾਇਨਾਤ ਤੁਹਾਡੀ ਮਦਦ ਕਰਨ ਲੱਗ ਜਾਂਦੀ ਹੈ। ਇਸ ਚੀਜ ਨੂੰ ਅਸੀਂ ਆਕਰਸ਼ਣ ਦਾ ਸਿਧਾਂਤ ਕਹਿੰਦੇ ਆ। ਪਰ ਫੇਰ ਵੀ ਬਹੁਤ ਲੋਕਾਂ ਲਈ ਆਕਰਸ਼ਣ ਦਾ ਸਿਧਾਂਤ ਕੰਮ ਨਹੀਂ ਕਰਦਾ। ਜੇਕਰ ਤੁਸੀ ਵੀ ਜੋਂ ਸੋਚਦੇ ਹੋ ਉਸਨੂੰ ਪਾਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਆਪਣੇ ਵਿਚਾਰਾਂ ਉੱਤੇ ਕੰਮ ਕਰਨਾ ਪਵੇਗਾ ਅਤੇ ਆਪਣੇ ਮਨ ਨੂੰ ਸਮਝਣਾ ਪਵੇਗਾ।
ਆਪਣੇ ਵਿਚਾਰਾਂ ਨੂੰ ਸੋਧਣ , ਮਨ ਨੂੰ ਸਮਝਣ ਅਤੇ ਆਪਣੀ ਮੰਜ਼ਿਲ ਤੇ ਪਹੁੰਚਣ ਦੀ ਦਿਸ਼ਾ ਜਾਨਣ ਲਈ ਇਹ ਤਿੰਨ ਕਿਤਾਬਾਂ ਜ਼ਰੂਰ ਪੜ੍ਹੋ। ਇਹਨਾਂ ਦੀ ਕੀਮਤ ਲੈਸ ਕਰਕੇ 650 ਰੁਪੈ ਹੈ ਜੋਂ ਕਿ ਤੁਸੀ ਘਰ ਬੈਠੇ ਪਾਰਸਲ ਰਾਹੀ ਮੰਗਵਾ ਸਕਦੇ ਹੋ।
Whats app 083070 07508 ਇਹ ਨੰਬਰ ਤੇ ਆਪਣਾ ਐਡਰੈੱਸ ਭੇਜੋ ।

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਗੁੰਮਸੁੰਮ...**
ਜ਼ਮਾਨੇ ਮੁਤਾਬਕ ਤੇਜ਼ ਤਰਾਰ ਹੋਣਾ ਹੀ ਪੈਣੈ। ਗੁੰਮਸੁੰਮ ਰਹਿਣ ਵਾਲੇ ਨੂੰ ਤਾਂ ਦੁਨੀਆਂ ਦਰੜ ਕੇ ਅੱਗੇ ਲੰਘ ਜਾਂਦੀ ਹੈ॥ ਗੁੰਮਸੁੰਮ ਰਹਿਣ ਦੀ ਆਦਤ ਤਿਆਗੋ।ਹਾਜ਼ਰ ਜੁਆਬੀ ਜਰੂਰੀ ਵਰਨਾ ਦਿਲ ਦੀ ਗੱਲ ਮੌਕੇ ਸਿਰ ਕਹਿਣ ਤੋਂ ਖੁੰਝਦੇ ਰਹੋਂਗੇ॥ ਛਾਪਲ ਕੇ ਜਾਂ ਗੁੰਮਸੁੰਮ ਰਹਿ ਕੇ ਜੀਵਨ ਜਿਉਣ ਦੀ ਆਦਤ ਅੰਦਰੋ ਅੰਦਰੀ ਝੋਰਾ ਪੈਦਾ ਕਰਦੀ ਹੈ। ਦਿਲ ਦੀ ਗੱਲ ਖੁੱਲ ਕੇ ਕਰੋ ਨਹੀਂ ਤਾਂ ਸੰਗੀ ਸਾਥੀ ਵੀ ਘਟਦੇ ਜਾਣਗੇ॥

**ਗੁੱਠ...**
ਬੋਰੀ ਗੁੱਠ ਤੋਂ ਪਕੜ ਕੇ ਚੁੱਕਣ ਦਾ ਵੱਲ ਆ ਜਾਵੇ ਤਾਂ ਬਾਕੀ ਕੰਮਾਂ 'ਚ ਪਕੜ ਮਜਬੂਤ ਹੋਣ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ। ਬੰਦਾ ਜ਼ਿੰਦਗੀ ਦੇ ਭਾਰ ਚੁੱਕਣ ਦਾ ਵੱਲ ਸਿੱਖਣ ਲੱਗ ਪੈਂਦੈ॥ ਡਰਪੋਕ ਬੰਦੇ ਅਕਸਰ ਮੌਕਾ ਬਚਾ ਕੇ ਗੁੱਠਾਂ 'ਚ ਜਾ ਲੁਕਦੇ ਨੇ। ਦਲੇਰੀ ਵਧਾਓ। ਮੌਕੇ ਸਿਰ ਸਾਹਮਣੇ ਆਉਣ ਦੀ ਜ਼ਹਨੀਅਤ ਦਿਖਾਓ। ਹਰ ਖੇਤਰ 'ਚ ਛਾਉਣ ਲੱਗ ਪਵੋਂਗੇ॥ ਮੈਦਾਨੇ ਜੰਗ ਸਾਹਮਣਾ ਕਰਨ ਦਾ ਮੌਕਾ ਸੰਭਾਲੋ। ਆਤਮ ਵਿਸ਼ਵਾਸ ਵਧਣ ਲੱਗੇਗਾ। ਗੁੱਠ 'ਚੋਂ ਬਾਹਰ ਨਿਕਲ ਮੁਕਾਬਲਾ ਕਰਨ ਦੀ ਤਾਕਤ ਵੀ ਆਉਣੀ ਸ਼ੁਰੂ ਹੋ ਜਾਂਦੀ ਹੈ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

## ਪੰਚਾਇਤੀ ਕੁਰਸੀਆਂ ਦੀ ਬਾਂਦਰ-ਵੰਡ ਕੋਈ 'ਟਰਨਿੰਗ ਪੁਆਇੰਟ' ਨਹੀਂ, ਕਾਂਗਰਸ ਹਵਾ 'ਚ ਤੀਰ ਮਾਰਨੇ ਬੰਦ ਕਰੇ - ਬ੍ਰਹਮਪੁਰਾ



ਚੋਹਲਾ ਸਾਹਿਬ 27 ਮਾਰਚ (ਸਨਦੀਪ ਸਿੱਧੂ,ਚੋਹਲਾ)ਪਿਛਲੇ ਦਿਨੀਂ ਖਡੂਰ ਸਾਹਿਬ ਬਲਾਕ ਸੰਮਤੀ ਦੇ ਚੇਅਰਮੈਨ ਅਤੇ ਵਾਈਸ ਚੇਅਰਮੈਨ ਦੀ ਚੋਣ ਮਗਰੋਂ ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਵੱਲੋਂ ਕੀਤੇ ਜਾ ਰਹੇ ਦਾਅਵਿਆਂ 'ਤੇ ਤਿੱਖਾ ਪ੍ਰਤੀਕਰਮ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ, ਹਲਕਾ ਇੰਚਾਰਜ ਅਤੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਇਸਨੂੰ ਕਾਂਗਰਸ ਦੀ "ਸਿਆਸੀ ਕੰਗਾਲੀ" ਕਰਾਰ ਦਿੱਤਾ ਹੈ। ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ. ਬ੍ਰਹਮਪੁਰਾ ਨੇ ਕਿਹਾ ਕਿ ਕਾਂਗਰਸੀ ਆਗੂ ਇੱਕ ਛੋਟੀ ਜਿਹੀ ਸੰਮਤੀ ਦੀ ਕੁਰਸੀ ਮਿਲਣ 'ਤੇ ਇੰਝ ਜਸ਼ਨ ਮਨਾ ਰਹੇ ਹਨ, ਜਿਵੇਂ ਉਨ੍ਹਾਂ ਨੇ ਕੋਈ ਵੱਡੀ ਜੰਗ ਫ਼ਤਿਹ ਕਰ ਲਈ ਹੋਵੇ।

ਬ੍ਰਹਮਪੁਰਾ ਨੇ ਤੱਥਾਂ ਦੇ ਆਧਾਰ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਕਾਂਗਰਸੀ ਆਗੂ ਖੁਦ ਮੰਨ ਰਹੇ ਹਨ ਕਿ ਉਨ੍ਹਾਂ ਨੂੰ ਇਹ ਕੁਰਸੀ ਲੈਣ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਅੱਗੇ ਧਰਨੇ ਲਗਾਉਣੇ ਪਏ ਅਤੇ ਮਿੰਨਤਾਂ ਕਰਨੀਆਂ ਪਈਆਂ। ਇਹ ਸਪੱਸ਼ਟ ਕਰਦਾ ਹੈ ਕਿ ਇਹ ਜਿੱਤ ਲੋਕ ਫ਼ਤਵਾ ਘੱਟ ਅਤੇ ਕਾਂਗਰਸ-'ਆਪ' ਦੀ ਆਪਸੀ ਮਿਲੀਭੁਗਤ ਅਤੇ 'ਫਰੈਂਡਲੀ ਮੈਚ' ਵੱਧ ਹੈ। ਉਨ੍ਹਾਂ ਕਿਹਾ ਕਿ ਜੇਕਰ ਸੱਤਾਧਾਰੀ ਧਿਰ ਅੰਦਰਖਾਤੇ ਸਹਿਮਤ ਨਾ ਹੁੰਦੀ ਤਾਂ ਇਹ ਸੰਮਤੀ ਬਣਨੀ ਸੰਭਵ ਨਹੀਂ ਸੀ। ਇਹ ਸਭ ਸ਼੍ਰੋਮਣੀ ਅਕਾਲੀ ਦਲ ਨੂੰ ਪਾਸੇ ਰੱਖਣ ਦੀਆਂ ਸਾਜ਼ਿਸ਼ਾਂ ਦਾ ਹਿੱਸਾ ਹੈ।ਸ਼੍ਰੋਮਣੀ ਅਕਾਲੀ ਦਲ ਦੇ ਸਿਧਾਂਤਾਂ ਦਾ ਜ਼ਿਕਰ ਕਰਦਿਆਂ ਸ੍ਰ. ਬ੍ਰਹਮਪੁਰਾ ਨੇ ਸਪੱਸ਼ਟ ਕੀਤਾ ਕਿ, "ਅਕਾਲੀ ਦਲ ਦੀ ਆਪਣੀ ਇੱਕ ਆਜ਼ਾਦ ਅਤੇ ਵੱਖਰੀ ਪਛਾਣ ਹੈ। ਅਸੀਂ ਆਪਣੇ ਸਿਆਸੀ ਇਤਿਹਾਸ ਵਿੱਚ ਕਦੇ ਵੀ ਸਿਰਫ਼ ਕੁਰਸੀ ਪ੍ਰਾਪਤ ਕਰਨ ਦੀ ਖਾਤਰ ਕਿਸੇ ਸੱਤਾਧਾਰੀ ਪਾਰਟੀ ਨਾਲ ਪਿਛਲੇ ਦਰਵਾਜ਼ੇ ਤੋਂ ਸਮਝੌਤੇ ਨਹੀਂ ਕੀਤੇ ਅਤੇ ਨਾ ਹੀ ਕਦੇ ਵਿਰੋਧੀਆਂ ਦਾ ਸਮਰਥਨ ਲਿਆ ਹੈ। ਸਾਡਾ ਭਰੋਸਾ ਲੋਕਾਂ ਦੇ ਸਿੱਧੇ ਫ਼ਤਵੇ ਵਿੱਚ ਹੈ।ਕਾਂਗਰਸ ਵੱਲੋਂ ਇਸ ਸੰਮਤੀ ਚੋਣ ਨੂੰ ਖਡੂਰ ਸਾਹਿਬ ਲਈ 'ਟਰਨਿੰਗ ਪੁਆਇੰਟ' ਕਹਿਣ 'ਤੇ ਚੁਟਕੀ ਲੈਂਦਿਆਂ ਉਨ੍ਹਾਂ ਕਿਹਾ ਕਿ ਇਲਾਕੇ ਦਾ ਅਸਲੀ ਟਰਨਿੰਗ ਪੁਆਇੰਟ ਪੰਚਾਇਤੀ ਜਾਂ ਸੰਮਤੀ ਕੁਰਸੀਆਂ ਦੀ ਬਾਂਦਰ-ਵੰਡ ਨਾਲ ਨਹੀਂ ਆਵੇਗਾ। ਅਸਲੀ ਬਦਲਾਅ ਉਦੋਂ ਆਵੇਗਾ ਜਦੋਂ ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ ਅਤੇ 'ਆਪ' ਸਰਕਾਰ ਦੇ ਮਾਫ਼ੀਆ ਰਾਜ ਦਾ ਅੰਤ ਹੋਵੇਗਾ। ਬ੍ਰਹਮਪੁਰਾ ਨੇ ਕਿਹਾ ਕਿ ਅੱਜ ਜਦੋਂ ਪੰਜਾਬ ਵਿੱਚ ਗਗਨਦੀਪ ਰੰਧਾਵਾ ਵਰਗੇ ਇਮਾਨਦਾਰ ਅਫ਼ਸਰਾਂ ਦੀ ਜਾਨ ਜਾ ਰਹੀ ਹੈ, ਕਾਨੂੰਨ ਵਿਵਸਥਾ ਛਹਿ-ਛੇਰੀ ਹੈ ਅਤੇ ਕਿਸਾਨ ਸੜਕਾਂ 'ਤੇ ਰੁਲ ਰਹੇ ਹਨ, ਉਸ ਵੇਲੇ ਕਾਂਗਰਸੀ ਆਗੂਆਂ ਦਾ ਛੋਟੀਆਂ ਕੁਰਸੀਆਂ ਪਿੱਛੇ ਭੰਗੜੇ ਪਾਉਣਾ ਉਨ੍ਹਾਂ ਦੀ ਛੋਟੀ ਸੋਚ ਅਤੇ ਪੰਜਾਬ ਦੇ ਅਸਲ ਮੁੱਦਿਆਂ ਪ੍ਰਤੀ ਅਸੰਵੇਦਨਸ਼ੀਲਤਾ ਦਾ ਪ੍ਰਗਟਾਵਾ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਹਸਪਤਾਲ ਵਿਖੇ ਮਰੀਜ਼ਾਂ ਲਈ ਲੰਗਰ ਸੇਵਾ ਦੀ ਕੀਤੀ ਗਈ ਸ਼ੁਰੂਆਤ




ਫਰੀਦਕੋਟ,ਚੋਹਲਾ ਸਾਹਿਬ 27 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) l

ਸ੍ਰੀ ਗੁਰੂ ਨਾਨਕ ਦੇਵ ਜੀ ਹਸਪਤਾਲ ਸ੍ਰੀ ਅੰਮ੍ਰਿਤਸਰ ਵਿਖੇ ਇਲਾਜ਼ ਕਰਵਾਉਣ ਆਏ ਮਰੀਜ਼ ਅਤੇ ਉਨ੍ਹਾਂ ਦੇ ਨਾਲ ਆਏ ਸਹਿਯੋਗੀ ਸ੍ਰੀ ਗੁਰੂ ਰਾਮਦਾਸ ਜੀ ਦੇ ਦਰ ਤੋਂ ਆਇਆ ਲੰਗਰ ਛਕ ਸਕਣਗੇ। ਲੰਗਰ ਸੇਵਾ ਦੀ ਰਸਮੀ ਸ਼ੁਰੂਆਤ ਅੱਜ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਮੂਲਮੰਤਰ ਅਤੇ ਗੁਰਮੰਤਰ ਦੇ ਜਾਪ ਕਰਨ ਮਗਰੋਂ ਅਰਦਾਸ ਉਪਰੰਤ ਕੀਤੀ ਗਈ। ਜ਼ਿਕਰਯੋਗ ਹੈ ਕਿ ਬੀਤੇ ਸਮੇਂ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਇਸ ਕਾਰਜ ਲਈ ਪ੍ਰਵਾਨਗੀ ਦਿੱਤੀ ਸੀ। ਅੱਜ ਸ੍ਰੀ ਗੁਰੂ ਨਾਨਕ ਦੇਵ ਜੀ ਹਸਪਤਾਲ ਪੁੱਜਣ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੂੰ ਹਸਪਤਾਲ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਰਾਜੀਵ ਦੇਵਗਨ ਅਤੇ ਮੈਡੀਕਲ ਸੁਪ੍ਰਿੰਟੈਂਡੈਂਟ ਡਾ. ਕਰਮਜੀਤ ਸਿੰਘ ਨੇ ਜੀ-ਆਇਆਂ ਆਖਦਿਆਂ ਸਵਾਗਤ ਕੀਤਾ।

ਇਸ ਮੌਕੇ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਗੁਰੂ ਸਾਹਿਬਾਨ ਦੇ ਸੰਦੇਸ਼ ਅਤੇ ਪ੍ਰੇਰਣਾ ਦੀ ਰੋਸ਼ਨੀ 'ਚ ਸਦਾ ਹੀ ਮਾਨਵ ਹਿਤਕਾਰੀ ਕਾਰਜਾਂ ਲਈ ਯਤਨਸ਼ੀਲ ਰਹੀ ਹੈ। ਇਸੇ ਤਹਿਤ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਹਸਪਤਾਲ ਵਿਖੇ ਇਲਾਜ ਕਰਵਾਉਣ ਆਉਣ ਵਾਲੇ ਮਰੀਜ਼ਾਂ ਅਤੇ ਹੋਰ ਲੋੜਵੰਦਾਂ ਲਈ ਲੰਗਰ ਦਾ ਪ੍ਰਬੰਧ ਕਰਨ ਦਾ ਫੈਸਲਾ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਦਾ ਮੁੱਖ ਉਦੇਸ਼ ਮਰੀਜ਼ਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਸਹਾਰਾ ਪ੍ਰਦਾਨ ਕਰਨਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਇਹ ਉਪਰਾਲਾ ਦੂਰ-ਦੂਰ ਤੋਂ ਸ੍ਰੀ ਅੰਮ੍ਰਿਤਸਰ ਵਿਖੇ ਇਲਾਜ ਕਰਵਾਉਣ ਆਏ ਮਰੀਜ਼ਾਂ ਲਈ ਵੱਡਾ ਧਰਵਾਸ ਬਣੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਸ ਕਾਰਜ ਵਿਚ ਸਹਿਯੋਗ ਕਰਨ ਲਈ ਹਸਪਤਾਲ ਦੇ ਡਾਇਰੈਕਟਰ ਪ੍ਰਿੰਸੀਪਲ, ਮੈਡੀਕਲ ਸੁਪ੍ਰਿੰਟੈਂਡੈਂਟ ਸਮੇਤ ਸਮੁੱਚੇ ਪ੍ਰਬੰਧ ਦਾ ਧੰਨਵਾਦ ਵੀ ਕੀਤਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਸ. ਗੁਰਮੀਤ ਸਿੰਘ ਬੂਹ, ਸ੍ਰੀ ਗੁਰੂ ਨਾਨਕ ਦੇਵ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਹਸਪਤਾਲ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਰਾਜੀਵ ਦੇਵਗਨ ਅਤੇ ਮੈਡੀਕਲ ਸੁਪ੍ਰਿੰਟੈਂਡੈਂਟ ਡਾ. ਕਰਮਜੀਤ ਸਿੰਘ, ਨਰਸਿੰਘ ਸੁਪ੍ਰਿੰਟੈਂਡੈਂਟ ਬੀਬੀ ਨਵਕਿਰਨ ਕੌਰ, ਓਐਸਡੀ ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਵਧੀਕ ਮੈਨੇਜਰ ਸ. ਬਿਕਰਮਜੀਤ ਸਿੰਘ ਝੰਗੀ, ਸ. ਬਲਵਿੰਦਰ ਸਿੰਘ ਸਮੇਤ ਹੋਰ ਮੌਜੂਦ ਸਨ।



## ਜਨਹਿਤ ਅਤੇ ਮਰੀਜ਼ਾਂ ਦੀ ਸੇਵਾ ਲਈ ਬਾਬਾ ਫਰੀਦ ਯੂਨੀਵਰਸਿਟੀ ਨੂੰ ਮੋਬਾਈਲ ਵੈਨ ਭੇਟ



ਫਰੀਦਕੋਟ,ਚੋਹਲਾ ਸਾਹਿਬ 27 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) l

ਸਮਾਜਿਕ ਜ਼ਿੰਮੇਵਾਰੀ ਅਤੇ ਲੋਕ ਭਲਾਈ ਪ੍ਰਤੀ ਆਪਣੀ ਵਚਨਬੱਧਤਾ ਦਰਸਾਉਂਦਿਆਂ ਅਰੁਣਾ ਅਭੇ ਓਸਵਾਲ ਟਰੱਸਟ, ਲਾਇਨਜ਼ ਕਲੱਬ ਇੰਟਰਨੈਸ਼ਨਲ ਅਤੇ ਮਧੂ ਨਰਸਿੰਗ ਹੋਮ, ਫਰੀਦਕੋਟ ਵੱਲੋਂ ਬੁੱਧਵਾਰ ਨੂੰ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ (ਬੀਐੱਫਯੂਐਚਐੱਸ), ਫਰੀਦਕੋਟ ਨੂੰ ਇੱਕ ਮੋਬਾਈਲ ਵੈਨ ਭੇਟ ਕੀਤੀ ਗਈ। ਇਹ ਵਾਹਨ ਯੂਨੀਵਰਸਿਟੀ ਦਫ਼ਤਰ ਵਿਖੇ ਸ਼ਾਮ ਸਮੇਂ ਆਯੋਜਿਤ ਇੱਕ ਵਿਸ਼ੇਸ਼ ਸਮਾਰੋਹ ਦੌਰਾਨ ਰਸਮੀ ਤੌਰ 'ਤੇ ਸੌਂਪਿਆ ਗਿਆ।

ਮੋਬਾਈਲ ਵੈਨ ਸੌਂਪਣ ਮੌਕੇ ਦਾਨੀ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਖੁਸ਼ੀ ਪ੍ਰਗਟਾਉਂਦਿਆਂ ਕਿਹਾ ਕਿ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਇਸ ਤਰ੍ਹਾਂ ਦੇ ਕੀਮਤੀ ਸਰੋਤ ਨੂੰ ਜਨਹਿਤ ਅਤੇ ਮਰੀਜ਼ਾਂ ਦੀ ਸੇਵਾ ਲਈ ਸਭ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਵਰਤਣ ਵਾਲੀਆਂ ਸਮਰੱਥ ਸੰਸਥਾਵਾਂ ਵਿੱਚੋਂ ਇੱਕ ਹੈ।

ਇਸ ਮੌਕੇ ਪ੍ਰੋ. (ਡਾ.) ਰਾਜੀਵ ਸੂਦ, ਵਾਈਸ ਚਾਂਸਲਰ, ਬੀਐੱਫਯੂਐਚਐੱਸ, ਨੇ ਸੀਨੀਅਰ ਯੂਨੀਵਰਸਿਟੀ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਯੂਨੀਵਰਸਿਟੀ ਵੱਲੋਂ ਮੋਬਾਈਲ ਵੈਨ ਨੂੰ ਰਸਮੀ ਤੌਰ 'ਤੇ ਸਵੀਕਾਰ ਕੀਤਾ ਅਤੇ ਇਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਦਾਨੀ ਸੰਸਥਾਵਾਂ ਦਾ ਇਸ ਮਹੱਤਵਪੂਰਨ ਯੋਗਦਾਨ ਲਈ ਦਿਲੋਂ ਧੰਨਵਾਦ ਕੀਤਾ ਅਤੇ ਸਮਾਜ ਸੇਵਾ ਅਤੇ ਪਰਉਪਕਾਰ ਦੀ ਉਨ੍ਹਾਂ ਦੀ ਭਾਵਨਾ ਦੀ ਭਰਪੂਰ ਸਰਾਹਨਾ ਕੀਤੀ।

ਪ੍ਰੋ. ਸੂਦ ਨੇ ਕਿਹਾ ਕਿ ਯੂਨੀਵਰਸਿਟੀ ਨੂੰ ਪਿਛਲੇ ਸਾਲਾਂ ਦੌਰਾਨ ਵੱਖ-ਵੱਖ ਸਮਾਜ ਸੇਵੀ ਅਤੇ ਦਾਨੀ ਸੰਸਥਾਵਾਂ ਵੱਲੋਂ ਲਗਭਗ 1 ਕਰੋੜ ਰੁਪਏ ਮੁੱਲ ਦੇ ਮੈਡੀਕਲ ਵਾਹਨ ਪ੍ਰਾਪਤ ਹੋਏ ਹਨ ਅਤੇ ਇਹ ਸਾਰੇ ਵਾਹਨ ਲਗਾਤਾਰ ਮਰੀਜ਼ਾਂ ਦੀ ਭਲਾਈ ਅਤੇ ਸਿਹਤ ਸੇਵਾਵਾਂ ਦੇ ਵਿਸਥਾਰ ਲਈ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ। ਉਨ੍ਹਾਂ ਕਿਹਾ ਕਿ ਬਾਬਾ ਫਰੀਦ ਯੂਨੀਵਰਸਿਟੀ ਵਰਗੀਆਂ ਸੰਸਥਾਵਾਂ ਨੂੰ ਸਮਾਜ-ਚੇਤਨ ਵਿਅਕਤੀਆਂ ਅਤੇ ਸੰਸਥਾਵਾਂ ਦੇ ਸਹਿਯੋਗ ਨਾਲ ਵੱਡੀ ਤਾਕਤ ਮਿਲਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸ਼ਹਿਰ ਦੀ ਤਰੱਕੀ, ਵਪਾਰ ਅਤੇ ਆਮ ਲੋਕਾਂ ਦੀ ਭਲਾਈ ਯੂਨੀਵਰਸਿਟੀ ਦੀ ਤਰੱਕੀ ਨਾਲ ਗੂੜ੍ਹੇ ਤੌਰ 'ਤੇ ਜੁੜੀ ਹੋਈ ਹੈ।

ਯੂਨੀਵਰਸਿਟੀ ਵੱਲੋਂ ਸਿਹਤ ਸੇਵਾਵਾਂ ਅਤੇ ਮੈਡੀਕਲ ਸਿੱਖਿਆ ਦੇ ਖੇਤਰ ਵਿੱਚ ਕੀਤੀਆਂ ਜਾ ਰਹੀਆਂ ਹਾਲੀਆ ਉਪਲਬਧੀਆਂ ਦਾ ਜ਼ਿਕਰ ਕਰਦਿਆਂ ਪ੍ਰੋ. ਸੂਦ ਨੇ ਦੱਸਿਆ ਕਿ ਵਿਸ਼ੇਸ਼ਗਿਆਨ ਡਾਕਟਰ ਲਗਾਤਾਰ ਸੰਸਥਾ ਨਾਲ ਜੁੜ ਰਹੇ ਹਨ, ਜਿਸ ਨਾਲ ਮਰੀਜ਼ਾਂ ਨੂੰ ਮਿਲਣ ਵਾਲੀਆਂ ਸੇਵਾਵਾਂ ਹੋਰ ਮਜ਼ਬੂਤ ਹੋ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ, ਫਰੀਦਕੋਟ ਵਿੱਚ ਹਾਲ ਹੀ ਵਿੱਚ ਨਵੇਂ ਨੇਫਰੋਲੋਜਿਸਟ ਸ਼ਾਮਲ ਹੋਏ ਹਨ, ਜਿਸ ਨਾਲ ਗੁਰਦੇ ਰੋਗਾਂ ਦੇ ਮਾਹਿਰ ਇਲਾਜ ਦੀ ਸਹੂਲਤ ਹੋਰ ਮਜ਼ਬੂਤ ਹੋਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਹ ਹਸਪਤਾਲ ਪੰਜਾਬ ਦਾ ਪਹਿਲਾ ਹਸਪਤਾਲ ਬਣ ਗਿਆ ਹੈ ਜਿੱਥੇ ਦੋ ਐਮਆਰਆਈ ਮਸ਼ੀਨਾਂ ਦੀ ਸਹੂਲਤ ਉਪਲਬਧ ਹੈ ਅਤੇ ਜਲਦ ਹੀ 24x7 ਐਮਆਰਆਈ ਸੇਵਾਵਾਂ ਵੀ ਸ਼ੁਰੂ ਕੀਤੀਆਂ ਜਾਣਗੀਆਂ, ਜਿਸ ਨਾਲ ਐਮਰਜੈਂਸੀ ਹਾਲਾਤਾਂ ਵਿੱਚ ਮਰੀਜ਼ਾਂ ਨੂੰ ਵੱਡੀ ਰਾਹਤ ਮਿਲੇਗੀ।

ਦਾਨ ਸੰਬੰਧੀ ਪਿਛੋਕੜ ਸਾਂਝੀ ਕਰਦਿਆਂ ਡਾ. ਸੰਜੀਵ ਗੋਇਲ ਨੇ ਦੱਸਿਆ ਕਿ ਕੁਝ ਸਾਲ ਪਹਿਲਾਂ ਅਰੁਣਾ ਅਭੇ ਓਸਵਾਲ ਟਰੱਸਟ ਅਤੇ ਲਾਇਨਜ਼ ਕਲੱਬ ਇੰਟਰਨੈਸ਼ਨਲ ਵੱਲੋਂ ਸਾਂਝੇ ਤੌਰ 'ਤੇ ਮਧੂ ਨਰਸਿੰਗ ਹੋਮ, ਫਰੀਦਕੋਟ ਨੂੰ ਇੱਕ ਅਸ਼ੋਕ ਲੇਲੈਂਡ ਮੋਬਾਈਲ ਵੈਨ ਭੇਟ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਇਹ ਵਾਹਨ ਹੁਣ ਤੱਕ ਕੇਵਲ ਲਗਭਗ 20,000 ਕਿਲੋਮੀਟਰ ਹੀ ਚੱਲਿਆ ਹੈ ਅਤੇ ਇਸ ਦੀ ਮੌਜੂਦਾ ਸੀਮਿਤ ਵਰਤੋਂ ਨੂੰ ਦੇਖਦਿਆਂ ਟਰੱਸਟ ਨੇ ਮਹਿਸੂਸ ਕੀਤਾ ਕਿ ਇਸ ਕੀਮਤੀ ਜਨ-ਸੰਪਤੀ ਨੂੰ ਸਮਾਜ ਦੀ ਵਧੇਰੇ ਭਲਾਈ ਲਈ ਪੂਰੀ ਸਮਰੱਥਾ ਨਾਲ ਵਰਤਿਆ ਜਾਣਾ ਚਾਹੀਦਾ ਹੈ। ਇਸੇ ਉਦੇਸ਼ ਨਾਲ ਹੁਣ ਇਹ ਮੋਬਾਈਲ ਵੈਨ ਮੈਡੀਕਲ ਹਸਪਤਾਲ ਨੂੰ ਸੌਂਪੀ ਗਈ ਹੈ ਤਾਂ ਜੋ ਇਸਦਾ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਜਨਸੇਵਾ ਅਤੇ ਮਰੀਜ਼ਾਂ ਦੀ ਭਲਾਈ ਲਈ, ਖਾਸ ਕਰਕੇ ਦੂਰ-ਦਰਾਜ਼ ਅਤੇ ਪਿੱਛੜੇ ਖੇਤਰਾਂ ਵਿੱਚ, ਉਪਯੋਗ ਕੀਤਾ ਜਾ ਸਕੇ।

ਇਸ ਮੌਕੇ ਯੂਨੀਵਰਸਿਟੀ ਵੱਲੋਂ ਆਪਣੀ ਸਰਕਾਰੀ ਡਾਇਰੀ 2026 ਵੀ ਜਾਰੀ ਕੀਤੀ ਗਈ, ਜਿਸ ਨਾਲ ਸਮਾਰੋਹ ਨੂੰ ਹੋਰ ਵਿਸ਼ੇਸ਼ ਮਹੱਤਤਾ ਪ੍ਰਾਪਤ ਹੋਈ।

ਸਮਾਰੋਹ ਦੌਰਾਨ ਹਾਜ਼ਰ ਪ੍ਰਮੁੱਖ ਸ਼ਖ਼ਸੀਅਤਾਂ ਵਿੱਚ ਸ੍ਰੀ ਅਰਵਿੰਦ ਕੁਮਾਰ, ਰਜਿਸਟਰਾਰ, ਬੀਐੱਫਯੂਐਚਐੱਸ; ਡਾ. ਨੀਟੂ ਕੁੱਕੜ; ਡਾ. ਰੋਹਿਤ ਚੋਪੜਾ; ਡਾ. ਸੰਜੇ ਗੁਪਤਾ; ਇੰਜੀ. ਰਾਜੀਵ ਗੋਇਲ; ਸ਼ਾਮਲ ਸਨ। ਲਾਇਨਜ਼ ਕਲੱਬ ਵਿਸ਼ਾਲ, ਫਰੀਦਕੋਟ ਵੱਲੋਂ ਪ੍ਰਧਾਨ ਲਾਇਨ ਅਮਰਦੀਪ ਸਿੰਘ, ਡਾ. ਐੱਸ. ਐੱਸ. ਬਰਾੜ, ਸਵਰਨਜੀਤ ਸਿੰਘ ਗਿੱਲ, ਜਗਜੀਤ ਢੀਂਗਰਾ, ਲਾਇਨ ਰਵੀ ਬਾਂਸਲ, ਲਾਇਨ ਰਵੀ ਸੇਠੀ, ਐਡਵੋਕੇਟ ਦਿਲਦੀਪ ਸਿੰਘ, ਚੇਅਰਮੈਨ ਐੱਸ. ਐੱਸ. ਬਰਾੜ (ਮੇਜਰ ਅਜਾਇਬ ਸਿੰਘ ਸੀਨੀਅਰ ਸੈਕੰਡਰੀ ਸਕੂਲ), ਲਾਇਨ ਵਿਨੋਦ ਮਿੱਤਲ, ਗਗਨਦੀਪ ਸੁਖੀਜਾ ਐਡਵੋਕੇਟ, ਜੈਨ ਇੰਟਰਨੈਸ਼ਨਲ ਤੋਂ ਸ੍ਰੀ ਜੈਨਿੰਦਰ ਜੈਨ, ਡਾ. ਜਗਰਾਜ ਸਿੰਘ (ਮੈਡੀਕਲ ਸਪੈਸ਼ਲਿਸਟ), ਸਟੇਟ ਅਵਾਰਡੀ ਸ੍ਰੀ ਗੁਰਵਿੰਦਰ ਢੀਂਗਰਾ ਅਤੇ ਵਪਾਰੀ ਸ੍ਰੀ ਬਲਦੇਵ ਟੇਰੀਆ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਇਸ ਤੋਂ ਇਲਾਵਾ ਲਾਇਨਜ਼ ਕਲੱਬ ਇੰਟਰਨੈਸ਼ਨਲ ਦੇ ਹੋਰ ਮੈਂਬਰ ਅਤੇ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਦੇ ਨੁਮਾਇੰਦੇ ਵੀ ਹਾਜ਼ਰ ਸਨ।

ਸਮਾਗਮ ਦੇ ਅੰਤ ਵਿੱਚ ਡਾ. ਸੰਜੀਵ ਗੋਇਲ ਨੇ ਸਮੂਹ ਮਾਣਯੋਗ ਮਹਿਮਾਨਾਂ, ਅਹੁਦੇਦਾਰਾਂ ਅਤੇ ਮੀਡੀਆ ਪ੍ਰਤੀਨਿਧੀਆਂ ਦਾ ਹਾਜ਼ਰੀ ਲਈ ਧੰਨਵਾਦ ਕੀਤਾ। ਉਨ੍ਹਾਂ ਆਸ ਪ੍ਰਗਟਾਈ ਕਿ ਇਹ ਦਾਨ ਕੀਤੀ ਗਈ ਮੋਬਾਈਲ ਵੈਨ ਦੂਰ-ਦਰਾਜ਼ ਅਤੇ ਸਹੂਲਤਾਂ ਤੋਂ ਵਾਂਝੇ ਖੇਤਰਾਂ ਵਿੱਚ ਰਹਿੰਦੇ ਮਰੀਜ਼ਾਂ ਤੱਕ ਸਮੇਂ-ਸਿਰ ਸਿਹਤ ਸੇਵਾਵਾਂ ਪਹੁੰਚਾਉਣ ਵਿੱਚ ਇੱਕ ਮੀਲ ਪੱਥਰ ਸਾਬਤ ਹੋਵੇਗੀ।



# ਸ੍ਰੀ ਦੁਰਗਾ ਅਸ਼ਟਮੀ 'ਤੇ ਕੰਜਕ ਪੂਜਨ ਕਰਵਾਇਆ ਗਿਆ



**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨ ਤਾਰਨ, 27 ਮਾਰਚ |**

ਸ੍ਰੀ ਦੁਰਗਾ ਅਸ਼ਟਮੀ ਦੇ ਸ਼ੁਭ ਮੌਕੇ 'ਤੇ, ਮਾਤਾ ਕੌਲਾ ਦੇਵੀ ਇਲਾਕੇ ਦੇ ਅੰਦਰ ਗਲੀ ਐਸ.ਡੀ.ਓ. ਵਾਲੀ ਵਿਖੇ ਸਥਿਤ ਇੱਕ ਨਿਵਾਸ ਸਥਾਨ 'ਤੇ ਬਹੁਤ ਸ਼ਰਧਾ ਨਾਲ 'ਕੰਜਕ ਪੂਜਨ' ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਮੌਕੇ 'ਤੇ, ਮਾਤਾ ਭਗਵਤੀ ਦੀ ਪਵਿੱਤਰ ਜੋਤ (ਜੋਤ) ਜਗਾਈ ਗਈ; ਪੂਜਾ ਰਸਮਾਂ ਅਤੇ ਦੇਵੀ ਨੂੰ ਭੋਗ (ਪਵਿੱਤਰ ਭੋਜਨ ਭੇਟ) ਚੜ੍ਹਾਉਣ ਤੋਂ ਬਾਅਦ, ਕੰਜਕ ਪੂਜਨ ਦੀ ਪਾਲਣਾ ਦੁਆਰਾ ਪਰਿਵਾਰ ਦੀ ਸ਼ਾਂਤੀ ਅਤੇ ਤੰਦਰੁਸਤੀ ਲਈ ਪ੍ਰਾਰਥਨਾ ਕੀਤੀ ਗਈ। ਸਮਾਰੋਹ ਦੌਰਾਨ, ਸ਼ਰਧਾਲੂਆਂ ਨੇ ਛੋਟੀਆਂ ਕੁੜੀਆਂ - ਦੇਵੀ ਦਾ ਪ੍ਰਤੀਕ - ਨੂੰ ਪਹਿਲਾਂ ਉਨ੍ਹਾਂ ਦੇ ਪੈਰ ਧੋ ਕੇ, ਉਨ੍ਹਾਂ ਦੇ ਮੱਥੇ 'ਤੇ ਤਿਲਕ (ਪਵਿੱਤਰ ਨਿਸ਼ਾਨ) ਲਗਾ ਕੇ, ਅਤੇ ਉਨ੍ਹਾਂ ਦੇ ਗੁੱਟ ਦੁਆਲੇ ਇੱਕ ਪਵਿੱਤਰ ਧਾਗਾ (ਮੋਲੀ) ਬੰਨ੍ਹ ਕੇ ਸਨਮਾਨਿਤ ਕੀਤਾ, ਜਿਸ ਤੋਂ ਬਾਅਦ ਉਨ੍ਹਾਂ ਵਿੱਚ ਪ੍ਰਸਾਦ (ਪਵਿੱਤਰ ਭੋਜਨ) ਵੰਡਿਆ ਗਿਆ।

# ਪੰਜਾਬ ਸਰਕਾਰ ਨਾਲ ਆਸ਼ਾ/ ਸੁਪਰਵਾਈਜ਼ਰ ਸਾਂਝੇ ਮੋਰਚੇ ਦੇ ਆਗੂਆਂ ਦੀ ਮੀਟਿੰਗ ਰਹੀ ਬੇਸਿਟਾ



**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨ ਤਾਰਨ, 27 ਮਾਰਚ |**

ਆਲ ਇੰਡੀਆ ਆਸ਼ਾ ਵਰਕਰਜ ਯੂਨੀਅਨ ਪੰਜਾਬ ਜ਼ਿਲ੍ਹਾ ਤਰਨ ਤਾਰਨ ਦੀ ਪ੍ਰਧਾਨ ਮਨਜਿੰਦਰ ਕੌਰ ਹਰੀਕੇ, ਵੀਰਪਾਲ ਕੌਰ ਹਰੀਕੇ, ਅਮਨਦੀਪ ਕੌਰ ਘਰਿਆਲਾ, ਸਰਬਜੀਤ ਕੌਰ ਦੀ ਅਗਵਾਈ ਵਿਚ ਸਿਵਲ ਹਸਪਤਾਲ ਘਰਿਆਲਾ ਵਿਖੇ ਇਕੱਠੇ ਹੋ ਕੇ ਆਪਣੀਆਂ ਮੰਗਾਂ ਨੂੰ ਲੈ ਗਿਆਰਵੇਂ ਦਿਨ ਵੀ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਸਮੇਂ ਆਸ਼ਾ ਵਰਕਰਜ ਆਗੂਆਂ ਮੰਗ ਕੀਤੀ ਕਿ ਆਸ਼ਾ ਵਰਕਰਜ/ ਸੁਪਰਵਾਈਜਰ ਪਿਛਲੇ ਅਠਾਰਾਂ ਸਾਲ ਤੋਂ ਬੜੀ ਮਿਹਨਤ ਨਾਲ ਸਿਹਤ ਵਿਭਾਗ ਵਿਚ ਦਿਨ ਰਾਤ ਕੰਮ ਕਰਦੀਆਂ ਹਨ, ਪਰ ਬਦਲੇ ਵਿਚ ਉਹਨਾਂ ਨੂੰ ਨਿਗੂਣੇ ਭੱਤੇ ਅਤੇ ਕੇਵਲ 2500/- ਰੁਪਿਆ ਮਹੀਨੇ ਦਿੱਤਾ ਜਾਂਦਾ ਜੋ ਇਕ ਸਰਕਾਰੀ ਵਰਕਰ ਨਾਲ ਕੋਝਾ ਮਜ਼ਾਕ ਹੈ। ਕਰੋਨਾ ਕਾਲ ਵਿਚ ਜਦੋਂ ਮੌਤ ਤੋਂ ਡਰਦਾ ਕੋਈ ਡਾਕਟਰ ਕਿਸੇ ਵੀ ਮਰੀਜ਼ ਨੂੰ ਦਵਾਈ ਤਾਂ ਕੀ, ਮੂੰਹ ਨਹੀਂ ਸੀ ਦੇਖਣਾ ਚਾਹੁੰਦਾ, ਪਰ ਆਸ਼ਾ ਵਰਕਰਜ ਨੇ ਫਰੰਟ ਲਾਈਨ ਤੇ ਕੰਮ ਕਰਕੇ ਲੋਕਾਂ ਦੀ ਜਾਨ ਬਚਾਉਂਦੀਆਂ ਰਹੀਆਂ ਹਨ। ਪੰਜਾਬ ਸਰਕਾਰ ਨੇ ਉਹਨਾਂ ਨਾਲ ਵਾਅਦਾ ਖਿਲਾਫੀ ਕਰਦਿਆਂ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਨਾ ਤਾਂ ਕਿਸੇ ਭੱਤੇ ਵਿਚ ਵਾਧਾ ਕੀਤਾ ਅਤੇ ਨਾ ਹੀ ਕੋਈ ਬੜਵੀ ਸਨਮਾਨਯੋਗ ਤਨਖਾਹ ਦਿੱਤੀ ਹੈ, ਜਿਸ ਕਰਕੇ ਸਾਨੂੰ ਮਜਬੂਰ ਹੋ ਕੇ 16 ਮਾਰਚ ਤੋਂ 28 ਮਾਰਚ ਤੱਕ ਸਾਰੇ ਕੰਮਾਂ ਦਾ ਬਾਈਕਾਟ ਕਰਨਾ ਪਿਆ। ਇਸ ਕੜੀ ਤਹਿਤ ਪੂਰੇ ਪੰਜਾਬ ਵਿਚ ਰੋਸ ਧਰਨੇ ਪ੍ਰਦਰਸ਼ਨ ਦੌਰਾਨ ਅੱਜ ਗਿਆਰਵੇ ਦਿਨ ਵੀ ਸਿਵਲ ਸਿਵਲ ਹਸਪਤਾਲ ਘਰਿਆਲਾ ਵਿਖੇ ਵੱਡੀ ਗਿਣਤੀ ਚੋ ਇਕੱਠੇ ਹੋ ਕੇ ਨਾਅਰੇਬਾਜੀ ਕਰਦਿਆਂ ਧਰਨਾ ਪ੍ਰਦਰਸ਼ਨ ਕੀਤਾ ਗਿਆ। ਇਸ ਸਮੇ ਪ੍ਰਧਾਨ ਮਨਜਿੰਦਰ ਕੌਰ ਹਰੀਕੇ ਨੇ ਦੱਸਿਆ ਕਿ 25 ਮਾਰਚ ਨੂੰ ਸਾਂਝੇ ਮੋਰਚੇ ਦੀ ਪੰਜਾਬ ਸਰਕਾਰ ਨਾਲ ਚੰਡੀਗੜ੍ਹ ਵਿਖੇ ਹੋਣ ਵਾਲ਼ੀ ਮੀਟਿਗ, ਮੁੱਖ ਮੰਤਰੀ ਦੀ ਗ਼ੈਰ ਹਾਜ਼ਰੀ ਵਿੱਚ ਉਹਨਾਂ ਦੇ ਪ੍ਰਮੁੱਖ ਸਕੱਤਰ ਨਵਰਾਜ ਸਿੰਘ ਬਰਾੜ ਨਾਲ ਹੋਈ ਜਿਹੜੀ ਕਿ ਬੇਸਿਟਾ ਰਹੀ, ਕਿਸੇ ਵੀ ਮੰਗ ਤੇ ਸਰਕਾਰ ਦਾ ਰੱਵੀਆ ਬਹੁਤ ਮਾੜਾ ਸੀ। ਇਸ ਲਈ ਅਗਲੇ ਸ਼ਘੰਰਸ਼ ਦੀ ਰੂਪ ਰੇਖਾ ਉਲੀਕਣ ਲਈ ਅਗਲੇ ਦਿਨਾਂ ਵਿੱਚ ਹੋਣ ਵਾਲੀ ਮੀਟਿੰਗ ਵਿੱਚ ਫੈਸਲਾ ਕੀਤਾ ਜਾਵੇਗਾ ਅਤੇ ਕੰਮਾਂ ਦਾ ਬਾਈਕਾਟ ਪਹਿਲੇ ਦੀ ਤਰਾਂ 28 ਮਾਰਚ ਤੱਕ ਜਾਰੀ ਰਹੇਗਾ। ਇਸ ਮੌਕੇ ਰਾਜਬੀਰ ਕੌਰ ਸੁਪਰਵਾਈਜਰ, ਗੁਰਪ੍ਰੀਤ ਕੌਰ ਸੁਪਰਵਾਈਜ਼ਰ, ਗੁਰਜਿੰਦਰ ਕੌਰ ਸੁਪਰਵਾਈਜ਼ਰ, ਰਾਜਵਿੰਦਰ ਕੌਰ ਬਲਾਕ ਪ੍ਰਧਾਨ, ਸੋਮਾ ਰਾਣੀ ਚੂਸਲੇਵੜ੍ਹ, ਰਾਜਬੀਰ ਕੌਰ, ਜਸਬੀਰ ਕੌਰ, ਗੀਤਾ ਰਾਣੀ ਆਦਿ ਆਗੂ ਹਾਜਰ ਸਨ।

# ਧਾਰਮਿਕ ਗ੍ਰੰਥ ਬਿੱਲ 2025: ਸ਼੍ਰੋਮਣੀ ਕਮੇਟੀ ਦੀ ਉੱਚ ਪੱਧਰੀ ਇਕੱਤਰਤਾ



ਅੰਮ੍ਰਿਤਸਰ, 27 ਮਾਰਚ-ਪੰਜਾਬ ਸਰਕਾਰ ਵੱਲੋਂ ਪ੍ਰਸਾਵਿਤ "ਪੰਜਾਬ ਧਾਰਮਿਕ ਗ੍ਰੰਥਾਂ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ 2025" ਦੇ ਸਬੰਧ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿਰਧਾਰਤ ਪੰਦਰਾਂ ਮੈਂਬਰੀ ਉੱਚ ਪੱਧਰੀ ਸਬ-ਕਮੇਟੀ ਦੀ ਚੰਡੀਗੜ੍ਹ ਸਥਿਤ ਸਬ ਆਫਿਸ ਵਿਖੇ ਇਕੱਤਰਤਾ ਹੋਈ ਜਿਸ ਵਿੱਚ ਰਿਟਾਇਰਡ ਜਸਟਿਸ ਸ. ਮੋਹਿੰਦਰ ਮੋਹਨ ਸਿੰਘ ਬੇਦੀ, ਸੀਨੀਅਰ ਐਡਵੋਕੇਟ ਸ. ਪੂਰਨ ਸਿੰਘ ਹੁੰਦਲ, ਸਾਬਕਾ ਜ਼ਿਲ੍ਹਾ ਅਟਾਰਨੀ ਐਡਵੋਕੇਟ ਬਲਤੇਜ ਸਿੰਘ ਢਿੱਲੋਂ, ਸਾਬਕਾ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ ਸ. ਕੇਹਰ ਸਿੰਘ, ਮੈਂਬਰ ਸਿੱਖ ਇਤਿਹਾਸ ਰਿਸਰਚ ਬੋਰਡ ਡਾ. ਪਰਮਵੀਰ ਸਿੰਘ ਤੇ ਬੀਬੀ ਪ੍ਰਭਜੋਤ ਕੌਰ, ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਐਡਵੋਕੇਟ ਅਮਰਦੀਪ ਸਿੰਘ ਧਾਰਨੀ, ਐਡਵੋਕੇਟ ਬਰਜਿੰਦਰ ਸਿੰਘ ਸੋਢੀ, ਸ਼੍ਰੋਮਣੀ ਕਮੇਟੀ ਦੇ ਕਾਨੂੰਨੀ ਸਲਾਹਕਾਰ ਸ. ਅਮਨਬੀਰ ਸਿੰਘ ਸਿਆਲੀ ਤੇ ਮੀਤ ਸਕੱਤਰ ਸ. ਲਖਵੀਰ ਸਿੰਘ (ਕੋਆਰਡੀਨੇਟਰ) ਸ਼ਾਮਲ ਹੋਏ।

# ਮਾਨ ਸਰਕਾਰ ਦੀ ਸਫਲ ਖੇਡ ਕ੍ਰਾਂਤੀ ਕਾਰਣ ਪੰਜਾਬ ਨੂੰ ਪਹਿਲੀ ਵਾਰ ਕੌਮਾਂਤਰੀ ਹਾਕੀ ਚੈਂਪੀਅਨਸ਼ਿਪ ਦੀ ਮੇਜ਼ਬਾਨੀ ਮਿਲੀ-ਧਾਲੀਵਾਲ



**1791 ਕਰੋੜ ਰੁਪਏ ਦਾ ਬਜਟ ਰੱਖਣ ਵਾਲਾ ਪੰਜਾਬ ਦੇਸ਼ ਦਾ ਇਕੋ ਇਕ ਸੂਬਾ |**

ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨਤਾਰਨ 27 ਮਾਰਚ ਆਮ ਆਦਮੀ ਪਾਰਟੀ ਦੇ ਸੂਬਾਈ ਮੁੱਖ ਬੁਲਾਰੇ ਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ "ਸ਼ਾਨਦਾਰ ਚਾਰ ਸਾਲ, ਭਗਵੰਤ ਮਾਨ ਦੇ ਨਾਲ " ਤਹਿਤ ਪੰਜਾਬ ਸਰਕਾਰ ਦੀਆਂ ਖੇਡ ਵਿਭਾਗ ਦੀਆਂ ਅਹਿਮ ਪ੍ਰਾਪਤੀਆਂ ਦਾ ਰਿਪੋਰਟ ਕਾਰਡ ਜਾਰੀ ਕਰਦਿਆਂ ਕਿਹਾ ਕਿ ਸੂਬਾ ਭਗਵੰਤ ਮਾਨ ਸਰਕਾਰ ਵਲੋਂ ਨੌਜੁਆਨਾਂ ਨੂੰ ਨਸ਼ਿਆਂ ਤੋਂ ਮੁਕਤ ਰੱਖਣ ਲਈ ਲਾਗੂ ਕੀਤੀ ਗਈ ਖੇਡ ਕ੍ਰਾਂਤੀ ਦਾ ਹੀ ਇਤਿਹਾਸਕ ਦਾ ਨਤੀਜਾ ਹੈ ਕਿ ਰਵਾਇਤੀ ਤੇ ਵਿਰਾਸਤੀ ਸੱਭਿਆਚਾਰਕ ਖੇਡ ਹਾਕੀ ਨਾਲ ਪੰਜਾਬ ਦੀ ਜੁਆਨੀ ਨਾਲ ਜੋੜਨ ਦੇ ਚੁੱਕੇ ਗਏ ਉਸਾਰੂ ਕਦਮਾਂ ਵਜੋਂ ਪੰਜਾਬ ਨੂੰ ਪਹਿਲੀ ਵਾਰ ਕੌਮਾਂਤਰੀ ਹਾਕੀ ਚੈਂਪੀਅਨਸ਼ਿਪ ਦੀ ਮੇਜ਼ਬਾਨੀ ਦਾ ਮੌਕਾ ਪ੍ਰਾਪਤ ਹੋਇਆ ਹੈ ਅਤੇ ਇਹ ਕੌਮਾਂਤਰੀ ਪੱਧਰੀ ਹਾਕੀ ਚੈਂਪੀਅਨਸ਼ਿਪ ਮੋਹਾਲੀ ਦੇ ਸਟੇਡੀਅਮ ਵਿਖੇ ਇਸੇ ਵਰ੍ਹੇ ਅਕਤੂਬਰ ਮਹੀਨੇ ਦੇ ਅਖੀਰਲੇ ਹਫ਼ਤੇ ਤੋਂ ਨਵੰਬਰ ਮਹੀਨੇ ਦੇ ਪਹਿਲੇ ਹਫਤੇ 'ਚ ਹੋਵੇਗੀ, ਜਦੋਂਕਿ ਕਰੀਬ ਅੱਧੀ ਸਦੀ ਬਾਅਦ ਪੰਜਾਬ ਦੇ ਅਧਿਆਏ 'ਚ ਸੂਬਾ ਭਗਵੰਤ ਮਾਨ ਸਰਕਾਰ ਦੀਆਂ ਸਿਰਫ ਚਾਰ ਸਾਲ ਦੀਆਂ ਖੇਡ ਮੱਲਾਂ 'ਚ ਸੁਨਹਿਰੀ ਪੰਨਾ ਦਰਜ ਹੋਣ ਜਾ ਰਿਹਾ ਹੈ, ਜਿਸ ਅਨੁਸਾਰ ਪੰਜਾਬ ਨੂੰ ਬੈਡਮਿੰਟਨ ਅੰਡਰ - 13 ਰਾਸ਼ਟਰੀ ਚੈਂਪੀਅਨਸ਼ਿਪ ਦੀ ਵੱਕਾਰੀ ਜ਼ਿੰਮੇਵਾਰੀ ਮਿਲੀ ਅਤੇ ਇਹ ਰਾਸ਼ਟਰੀ ਬੈਡਮਿੰਟਨ ਅੰਡਰ - 13 ਚੈਂਪੀਅਨਸ਼ਿਪ ਜਲੰਧਰ ਵਿਖੇ ਦਸੰਬਰ ਮਹੀਨੇ ਦੇ ਦੂਸਰੇ ਹਫਤੇ ਕਰਵਾਈ ਜਾਵੇਗੀ।ਸ. ਧਾਲੀਵਾਲ ਅੱਜ ਵਿਧਾਨ ਸਭਾ ਹਲਕਾ ਅਜਨਾਲਾ ਦੇ ਕੌਮਾਂਤਰੀ ਸਰਹੱਦੀ ਤੇ ਰਾਵੀ ਦਰਿਆ ਪਾਸ ਰਮਦਾਸ ਖੇਤਰ ਦੇ ਪਿੰਡਾਂ ਸਿੰਘੋਕੇ, ਗਗੜ, ਘੁੰਮਰਾਏ, ਰੂੜੇਵਾਲ, ਧੰਗਾਈ ਤੇ ਦਰਿਆ ਮੂਸਾ ਪਿੰਡਾਂ ਚ " ਸ਼ਾਨਦਾਰ ਚਾਰ ਸਾਲ, ਭਗਵੰਤ ਮਾਨ ਦੇ ਨਾਲ" ਜਨ ਸੰਪਰਕ ਮੁਹਿੰਮ ਤਹਿਤ ਪੇਂਡੂ ਲੋਕਾਂ ਨਾਲ ਸਿੱਧਾ ਸੰਵਾਦ ਰਚਾਉਣ ਮੌਕੇ ਪ੍ਰਭਾਵਸ਼ਾਲੀ ਜਨਤਕ ਮੀਟਿੰਗਾਂ ਨੂੰ ਸੰਬੋਧਨ ਕਰ ਰਹੇ ਸਨ। ਉਹਨਾਂ ਨੇ ਸੂਬਾ ਮਾਨ ਸਰਕਾਰ ਦੇ ਚਾਰ ਸਾਲ ਖੇਡ ਰਿਪੋਰਟ ਕਾਰਡ ਨੂੰ ਜਾਰੀ ਕਰਦਿਆਂ ਜਿਸ ਤਹਿਤ ਪੜ੍ਹੇ ਲਿਖੇ 65 ਹਜਾਰ ਬੇਰੁਜਗਾਰ ਨੌਜੁਆਨਾਂ ਨੂੰ ਬਗੈਰ ਕਿਸੇ ਰਿਸ਼ਵਤ ਤੇ ਸਿਫਾਰਿਸ਼ ਤੋਂ ਸਰਕਾਰੀ ਨੌਕਰੀਆਂ 'ਚ ਭਰਤੀ ਕੀਤਾ ਗਿਆ ਹੈ , ਜਦੋਂਕਿ ਪੰਜਾਬ 'ਚ ਖੇਡ ਸਭਿਆਚਾਰ ਨੂੰ ਸਿਖਰਾਂ ਵੱਲ ਪਹੁੰਚਾਉਣ ਵਾਲਾ ਪੰਜਾਬ ਦੇਸ਼ ਦਾ ਇਕੋ ਇਕ ਅਜਿਹਾ ਪਹਿਲਾ ਸੂਬਾ ਹੈ, ਜਿਸਨੇ ਆਪਣੇ ਚਾਲੂ ਵਿੱਤੀ ਵਰ੍ਹੇ ਦੇ ਬਜਟ 'ਚ ਖੇਡਾਂ ਲਈ 1791 ਕਰੋੜ ਰੁਪਏ ਰਾਖਵੇਂ ਰੱਖੇ ਹਨ। ਉਨ੍ਹਾਂ ਦੱਸਿਆ ਕਿ ਸੂਬੇ ਦੇ ਪਿੰਡਾਂ 'ਚ ਖੇਡਾਂ ਨੂੰ ਹੁਲਾਰਾ ਦੇਣ ਲਈ 1350 ਕਰੋੜ ਰੁਪਏ ਦੀ ਲਾਗਤ ਨਾਲ 3100 ਨਵੇਂ ਖੇਡ ਸਟੇਡੀਅਮ ਉਸਾਰਣ ਦੀ ਪ੍ਰਕਿਰਿਆ ਜਾਰੀ ਕਰ ਦਿੱਤੀ ਹੈ। ਅਤੇ 6 ਹਜਾਰ ਹੋਰ ਪਿੰਡਾਂ 'ਚ ਵੀ ਖੇਡ ਸਟੇਡੀਅਮ ਉਸਾਰਣ ਦੀ ਬਕਾਇਦਾ ਕਾਰਜ ਯੋਜਨਾ ਉਲੀਕ ਲਈ ਗਈ ਹੈ। 1018 ਕਰੋੜ ਰੁਪਏ ਦੀ ਲਾਗਤ ਨਾਲ 3 ਹਜਾਰ ਜਿੰਮ ਆਧੁਨਿਕ ਖੇਡ ਉਪਕਰਨਾਂ ਨਾਲ ਲੈਸ ਕੀਤੇ ਜਾ ਰਹੇ ਹਨ। ਅਤੇ ਖਿਡਾਰੀਆਂ ਨੂੰ 50 ਕਰੋੜ ਰੁਪਏ ਮੁੱਲ ਦੀਆਂ 17 ਹਜਾਰ ਕਿੱਟਾਂ ਵੰਡੀਆਂ ਗਈਆਂ ਹਨ। ਸ. ਧਾਲੀਵਾਲ ਨੇ ਕਿਹਾ ਕਿ ਹਾਕੀ ਤੇ ਪੰਜਾਬ ਇਕ ਸਿੱਕੇ ਦੇ ਦੋ ਪਹਿਲੂ ਹਨ ਅਤੇ ਕੇਂਦਰੀ ਸਰਕਾਰ ਹੋਰਨਾਂ ਖੇਡਾਂ ਦੇ ਮੁਕਾਬਲੇ ਹਾਕੀ ਨੂੰ ਬਹੁਤਾ ਪ੍ਰਫੁਲਤ ਕਰਨ ਵੱਲ ਉਚਿਤ ਧਿਆਨ ਨਹੀਂ ਦੇ ਰਹੀ। ਜਿਸਦਾ ਪ੍ਰਤੱਖ ਪ੍ਰਮਾਣ ਹੈ ਕਿ ਭਾਰਤੀ ਉਲੰਪਿਕ ਐਸੋਸੀਏਸ਼ਨ ਵੱਲੋਂ ਸਦੀ ਦੇ ਮਹਾਨ ਐਲਾਨੇ ਗਏ ਹਾਕੀ ਖਿਡਾਰੀ ਮੇਜਰ ਧਿਆਨ ਚੰਦ ਨੂੰ ਪਿਛਲੇ 12 ਸਾਲਾਂ ਤੋਂ ਕੇਂਦਰੀ ਸੱਤਾ ਤੇ ਕਾਬਜ਼ ਮੋਦੀ ਸਰਕਾਰ ਵਲੋਂ ਦੇਸ਼ ਦੇ ਸਭ ਤੋਂ ਵੱਡੇ ਨਾਗਰਿਕ ਸਨਮਾਨ ਭਾਰਤ ਰਤਨ ਦੇਣ ਤੋਂ ਵਾਂਝਿਆਂ ਰੱਖਿਆ ਹੋਇਆ ਹੈ।

# ਸੰਤ ਬਾਬਾ ਤਾਰਾ ਸਿੰਘ ਜੀ ਸਪੋਰਟਸ ਅਕੈਡਮੀ ਲਈ 4 ਅਤੇ 5 ਅਪ੍ਰੈਲ ਨੂੰ ਹਾਕੀ ਦੇ ਚੋਣ ਟਰਾਇਲ



ਚੋਹਲਾ ਸਾਹਿਬ 27 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਦੀ ਸਥਾਪਨਾ ਸੰਨ 1970 ਵਿੱਚ ਸੰਤ ਬਾਬਾ ਤਾਰਾ ਸਿੰਘ ਜੀ ਵੱਲੋਂ ਕੀਤੀ ਗਈ ਸੀ। ਮੌਜੂਦਾ ਸਮੇਂ ਕਾਲਜ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਵਿਦਿਆ ਦਾ ਚਾਨਣ ਫੈਲਾਉਣ ਦੇ ਨਾਲ-ਨਾਲ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਵੀ ਬਖੂਬੀ ਨਿਭਾ ਰਿਹਾ ਹੈ। ਇਸ ਸਿਰਮੌਰ ਸੰਸਥਾ ਦਾ ਉਦੇਸ਼ ਸਿਰਫ਼ ਉੱਚ ਪੱਧਰੀ ਸਿੱਖਿਆ ਪ੍ਰਦਾਨ ਕਰਨਾ ਹੀ ਨਹੀਂ, ਸਗੋਂ ਵਿਦਿਆਰਥੀਆਂ ਦੀ ਬਹੁਪੱਖੀ ਸ਼ਖਸੀਅਤ ਦਾ ਵਿਕਾਸ ਕਰਨਾ ਵੀ ਹੈ।ਇਸੇ ਲੜੀ ਦੇ ਤਹਿਤ, ਵਿਦਿਆਰਥੀਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਰਹਿਨੁਮਾਈ ਹੇਠ ਚੱਲ ਰਹੀ ਸੰਤ ਬਾਬਾ ਤਾਰਾ ਸਿੰਘ ਜੀ ਸਪੋਰਟਸ ਅਕੈਡਮੀ ਵਿੱਚ ਮਿਤੀ 4 ਅਤੇ 5 ਅਪ੍ਰੈਲ 2026 ਨੂੰ ਹਾਕੀ ਦੇ ਚੋਣ ਟਰਾਇਲ ਕਰਵਾਏ ਜਾ ਰਹੇ ਹਨ।ਕਾਲਜ ਪ੍ਰਬੰਧਕੀ ਕਮੇਟੀ ਦੇ ਆਨਰੇਰੀ ਸਕੱਤਰ ਸ੍ਰ. ਹਰਜਿੰਦਰ ਸਿੰਘ ਬਿੱਲਿਆਂਵਾਲ, ਸ੍ਰ. ਜਸਵਿੰਦਰ ਸਿੰਘ ਮੋਹਨਪੁਰ, ਕਮੇਟੀ ਦੇ ਸਮੂਹ ਮੈਂਬਰ, ਸ੍ਰ. ਬਲਜਿੰਦਰ ਸਿੰਘ (ਫੀਲੋ), ਕੋਚ ਸ੍ਰ ਗੁਰਲਾਲ ਸਿੰਘ, ਕੋਚ ਸ੍ਰ ਗੁਰਪ੍ਰੀਤ ਸਿੰਘ ਅਤੇ ਕਾਲਜ ਦੇ ਪ੍ਰਿੰਸੀਪਲ ਡਾ. ਜਸਬੀਰ ਸਿੰਘ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਟਰਾਇਲਾਂ ਲਈ ਯੋਗ ਅੰਡਰ-14 (ਜਨਮ ਮਿਤੀ 01-01-2013 ਤੋਂ ਬਾਅਦ) ਅਤੇ ਅੰਡਰ-17 (ਜਨਮ ਮਿਤੀ 01-01-2010 ਤੋਂ ਬਾਅਦ) ਲੜਕਿਆਂ ਦੀ ਚੋਣ ਕੀਤੀ ਜਾਵੇਗੀ।ਇਹ ਟਰਾਇਲ ਮਿਤੀ 4 ਅਤੇ 5 ਅਪ੍ਰੈਲ 2026 ਨੂੰ ਸਵੇਰੇ 8:00 ਵਜੇ ਅਕੈਡਮੀ ਦੇ ਗਰਾਊਂਡ ਵਿਖੇ ਓਲੰਪੀਅਨ ਰਜਿੰਦਰ ਸਿੰਘ, ਓਲੰਪੀਅਨ ਬਲਵਿੰਦਰ ਸਿੰਘ ਛੰਮੀ ਅਤੇ ਓਲੰਪੀਅਨ ਬਲਬੀਰ ਸਿੰਘ ਦੀ ਦੇਖ-ਰੇਖ ਹੇਠ ਕਰਵਾਏ ਜਾਣਗੇ।ਚਾਹਵਾਨ ਖਿਡਾਰੀ ਆਪਣੇ ਨਾਲ ਦੋ ਫੋਟੋਆਂ, ਪਿਛਲੀ ਯੋਗਤਾ ਦੇ ਸਰਟੀਫਿਕੇਟ ਅਤੇ ਜਨਮ ਮਿਤੀ ਸਬੰਧੀ ਪ੍ਰਮਾਣ ਪੱਤਰ ਲੈ ਕੇ ਆਉਣ।ਉਹਨਾਂ ਹੋਰ ਦੱਸਿਆ ਕਿ ਸੰਤ ਬਾਬਾ ਸੁੱਖਾ ਸਿੰਘ ਜੀ ਦਾ ਮੂਲ ਉਦੇਸ਼ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰੱਖਣਾ ਹੈ, ਜਿਸ ਲਈ ਖੇਡਾਂ ਬਹੁਤ ਜ਼ਰੂਰੀ ਹਨ। ਖੇਡਾਂ ਬੱਚਿਆਂ ਨੂੰ ਨਾ ਸਿਰਫ਼ ਤੰਦਰੁਸਤ ਬਣਾਉਂਦੀਆਂ ਹਨ, ਸਗੋਂ ਉਨ੍ਹਾਂ ਨੂੰ ਤਣਾਓ-ਮੁਕਤ ਜੀਵਨ ਜੀਊਣ ਦੀ ਪ੍ਰੇਰਣਾ ਵੀ ਦਿੰਦੀਆਂ ਹਨ।ਚੁਣੇ ਗਏ ਖਿਡਾਰੀਆਂ ਨੂੰ ਰਿਹਾਇਸ਼, ਖਾਣਾ, ਪੜ੍ਹਾਈ, ਟ੍ਰੇਨਿੰਗ, ਸਪੋਰਟਸ ਕਿੱਟ ਅਤੇ ਖੇਡਾਂ ਦਾ ਸਾਜੋ-ਸਮਾਨ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਦੇ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਵੱਲੋਂ ਮੁਫ਼ਤ ਮੁਹੱਈਆ ਕਰਵਾਇਆ ਜਾਵੇਗਾ।

